# ਵਰਿਆਮ

ਜਿਲਦ ਨੰ: ੧੦ | ਜਨਵਰੀ ੧੯੮੫ | ਅੰਕ ਨੰ: ੩

—ਵਰਿਆਮ ਦੇ ਦਸਵੇਂ ਸਾਲ ਵਾਸਤੇ ਅਸੀਂ ਬਹੁਤ ਪ੍ਰੋਗਰਾਮ ਉਲੀਕੇ ਸਨ ਪਰ ਦੇਸ਼ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਦਾ ਜ਼ਬਰਦਸਤ ਅਸਰ ਵਰਿਆਮ ਤੇ ਪਿਆ ਹੈ। ਇਸ ਵਾਸਤੇ ਪਰਚੇ ਨੂੰ ਬਹੁਤ ਸਾਦੇ ਰੂਪ ਵਿਚ ਪਾਠਕਾਂ ਤਕ ਭੇਜਣ ਲਈ ਮਜਬੂਰ ਹਾਂ। ਆਸ ਹੈ ਪਾਠਕ ਸਹਿਯੋਗ ਦੇਣਗੇ।

—ਸਾਡੇ ਪੰਜਾਬ ਦੇ ਦੋ ਮਹਾਨ ਸਾਹਿਤਕਾਰ ਜਨਾਬ ਫੈਜ਼ ਅਹਿਮਦ ਫੈਜ਼ ਅਤੇ ਸ: ਰਾਜਿੰਦਰ ਸਿੰਘ ਬੇਦੀ ਸਾਥੋਂ ਸਦਾ ਲਈ ਵਿਛੜ ਗਏ ਹਨ। ਸਾਹਿਤ ਪ੍ਰੇਮੀਆਂ ਦੇ ਸ਼ੋਕ ਵਿਚ ਵਰਿਆਮ ਸ਼ਾਮਲ ਹੈ।

ਸੰਪਾਦਕ : ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : ੨-੦੦ ਰੁਪਏ
ਸਾਲਾਨਾ ਚੰਦਾ ਦੇਸ਼ : ੨੦ ਰੁਪਏ

ਸਾਲਾਨਾ ਚੰਦਾ ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ)
,, ,, ਵਿਦੇਸ਼ : ੨੦੦ ਰੁਪਏ (ਹਵਾਈ ਡਾਕ ਰਾਹੀਂ
ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ਼ ਵਿਚ

ਦਫ਼ਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਜਲੰਧਰ-੧੪੪੦੦੧
ਫੋਨ : ੭੨੫੦੪ ਪੀ. ਪੀ.

Office Address
Monthly WARIAM
(Punjabi)
Ladowali Road
Jalandhar-144001
Phone : 72504 PP

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

Sri Satguru Jagjit Singh Ji eLibrary NamdhariElibrary@gmail.com

# ਲੋਕ ਸਭਾ ਦੀਆਂ ਚੋਣਾਂ

ਭਾਰਤ ਵਿਚ ਹੁਣੇ ਹੁਣੇ ਹੋਈਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਨੌਜਵਾਨ ਅਗਵਾਈ ਵਿਚ ਕਾਂਗਰਸ ਨੂੰ ਰਿਕਾਰਡ ਤੋੜ ਕਾਮਯਾਬੀ ਮਿਲੀ ਹੈ। ਭਾਰਤੀ ਵੋਟਰਾਂ ਚੋਂ ੫੦ ਪ੍ਰਤੀਸ਼ਤ ਤੋਂ ਵੱਧ ਨੇ ਕਾਂਗਰਸ ਨੂੰ ਸਮਰਥਨ ਦਿਤਾ ਹੈ। ਤਿੰਨ ਚੌਥਾਈ ਤੋਂ ਵਧ ਬਹੁਮਤ ਉਸ ਨੂੰ ਹਾਸਲ ਹੋ ਗਿਆ ਹੈ। ਰਾਜ ਕਰਨ ਵਾਸਤੇ ਅੱਧੀਆਂ ਤੋਂ ਵੱਧ ਸੀਟਾਂ ਹੀ ਕਾਫੀ ਹੁੰਦੀਆਂ ਹਨ ਅਤੇ ਵਿਧਾਨ ਵਿਚ ਤਬਦੀਲੀ ਕਰਨ ਵਾਸਤੇ ਦੋ ਤਿਹਾਈ ਬਹੁਮਤ ਦੀ ਲੋੜ ਹੁੰਦੀ ਹੈ। ਪਰ ਕਾਂਗਰਸ ਦੇ ਸ਼ਤਾਬਦੀ ਦੇ ਸਾਲ ਦੇ ਸ਼ੁਰੂ ਵਿਚ ਭਾਰਤੀ ਵੋਟਰਾਂ ਨੇ ਤਿੰਨ ਚੌਥਾਈ ਤੋਂ ਵਧ ਦੀ ਬਹੁਲਤਾ ਦਾ ਮਹਾਨ ਤੋਹਫਾ ਦਿਤਾ ਹੈ। ਬੀਤਿਆ ਸਾਲ ਬਹੁਤ ਹੋਣੀਆਂ ਭਰਪੂਰ ਸਾਲ ਰਿਹਾ ਹੈ। ਬਹੁਤ ਤੇਜ਼ੀ ਨਾਲ ਘਟਨਾ ਚੱਕਰ ਚਲਿਆ ਹੈ। ਪੰਜਾਬ ਵਿਚ ਅਤਿਵਾਦ ਦਾ ਸਿਖਰ—ਸਰਕਾਰ ਵਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫੌਜੀ ਕਾਰਵਾਈ, ਸ੍ਰੀਮਤੀ ਗਾਂਧੀ ਦੀ ਹਤਿਆ, ਰਾਜੀਵ ਗਾਂਧੀ ਦੀ ਨਵੇਂ ਪ੍ਰਧਾਨ ਮੰਤਰੀ ਵਜੋਂ ਸਥਾਪਤੀ, ਲੋਕ ਸਭਾ ਦੀਆਂ ਚੋਣਾਂ ਅਤੇ ਕਾਂਗਰਸ (ਆਈ) ਪਾਰਟੀ ਨੂੰ ਸਭ ਸਮਿਆਂ ਤੋਂ ਵਧ ਕਾਮਯਾਬੀ। ਚੋਣਾਂ ਤੋਂ ਪਹਿਲਾਂ ਵੀ 'ਸਿਆਣਿਆਂ', 'ਜੋਤਸ਼ੀਆਂ', 'ਮਾਹਰਾਂ' ਨੇ ਜੋੜਿਆਂ ਦੇ ਤੋੜੇ ਅਖਬਾਰੀ ਕਾਗਜ਼ਾਂ ਦੇ ਕਾਲੇ ਕਰਕੇ ਚੋਣਾਂ ਸਬੰਧੀ ਅਟਕਲਾਂ ਲਾਈਆਂ ਅਤੇ ਚੋਣਾਂ ਤੋਂ ਬਾਅਦ ਵੀ ਇਹ ਚਰਚਾ ਜਾਰੀ ਹੈ ਪਰ ਇਕ ਗੱਲ ਸਪੱਸ਼ਟ ਹੈ ਕਿ ਰਾਜੀਵ ਨੇ ਭਾਰਤ ਦੀ ਏਕਤਾ ਅਤੇ ਅਖੰਡਤਾ ਦੇ ਮਸਲੇ ਨੂੰ ਜਿਸ ਖੂਬੀ ਅਤੇ ਕਾਮਯਾਬੀ ਨਾਲ ਲੋਕਾਂ ਸਾਹਮਣੇ ਪੇਸ਼ ਕੀਤਾ ਉਸ ਅਗੇ ਵਿਰੋਧੀ ਧਿਰ ਦੀ ਕੋਈ ਪੇਸ਼ ਨਾ ਗਈ। ਇਸ ਮੁੱਦੇ ਨੂੰ ਸਵਰਗੀ ਸ੍ਰੀਮਤੀ ਗਾਂਧੀ ਵੀ ਦੁਹਰਾਉਂਦੇ ਰਹੇ ਹਨ ਅਤੇ ਉਹਨਾਂ ਦੀ ਗੱਲ ਨੂੰ ਸਟੰਟ ਕਹਿ ਕੇ ਹੀ ਭੰਡਿਆ ਜਾਂਦਾ ਰਿਹਾ। ਪਰ ਉਹਨਾਂ ਦੀ ਨਿਰਮਮ ਹੱਤਿਆ ਨੇ ਉਹਨਾਂ ਦੀ ਕਹੀ ਗੱਲ ਨੂੰ ਉਭਾਰ ਕੇ ਸਾਹਮਣੇ ਲੈ ਆਂਦਾ ਅਤੇ ਲੋਕਾਂ ਨੇ ਮਹਿਸੂਸ ਕੀਤਾ ਕਿ ਸਚਮੁਚ ਹੀ ਭਾਰਤ ਦੀ ਏਕਤਾ ਨੂੰ ਖਤਰਾ ਹੈ। ਪਹਿਲੀ ਵਾਰ ਜਾਤ, ਬਰਾਦਰੀਆਂ ਤੇ ਧਰਮ ਵਰਗੀਆਂ ਵਲਗਣਾਂ ਉਲੰਘਕੇ ਲੋਕਾਂ ਨੇ ਵੋਟਾਂ ਪਾਕੇ ਦੇਸ਼ ਦੀ ਏਕਤਾ ਵਾਸਤੇ ਮੋਹਰਾਂ ਲਾਈਆਂ। ਵਿਰੋਧੀ ਧਿਰਾਂ ਦੇਸ਼ ਦੀਆਂ ਹਿਤੂ ਹੀ ਹਨ ਪਰ ਇਲੈਕਸ਼ਨ ਵਿਚ ਉਹ ਆਨੰਦਪੁਰ ਮਤੇ ਬਾਰੇ ਜ਼ਿਕਰ ਵਿਚ ਰਾਜੀਵ ਦੇ ਪਰਚਾਰ ਦੀ ਕਾਟ ਨਾ ਕਰ ਸਕੀਆਂ। ਵਿਰੋਧੀ ਧਿਰਾਂ ਦੇ ਪਰਚਾਰ ਦਾ ਮੁਖ ਮੁੱਦਾ ਕਲ੍ਹ ਤਕ ਸ੍ਰੀਮਤੀ ਗਾਂਧੀ ਦੀ ਸ਼ਖਸੀਅਤ ਅਤੇ ਉਹਨਾਂ ਦੇ ਕੰਮ ਕਰਨ ਦਾ ਤਰੀਕਾ ਸੀ। ਜਦੋਂ ਸ੍ਰੀਮਤੀ ਇੰਦਰਾ ਆਪ ਖੁਦ ਨਾ ਰਹੇ ਤਾਂ ਇਹਨਾਂ ਦੇ ਸਾਰੇ ਪ੍ਰਚਾਰ ਦਾ ਢੰਗ ਹੀ ਨਿਕਲ ਗਿਆ। ਵਿਰੋਧੀ ਧਿਰਾਂ ਦੀ ਸਰਗਰਮੀ ਵੀ ਬਹੁਤੀ ਇਲੈਕਸ਼ਨਾਂ ਦੇ ਐਲਾਨ ਨਾਲ ਹੀ ਸ਼ੁਰੂ ਹੋਈ। ਉਦੋਂ ਹੀ ਇਕੱਠੇ ਹੋਣ ਦੀਆਂ ਗੱਲਾਂ ਹੋਈਆਂ ਪਰ ਉਹ ਵੀ ਉਤੋਂ ਉਤੋਂ। ਭਾਰਤ ਦੇ ਚੋਣਾਂ ਦੇ ਇਤਿਹਾਸ ਵਿਚ ਵਿਰੋਧੀ ਧਿਰ ਪਹਿਲੀ ਵਾਰ ਬਚਾਓ ਤੇ ਸੀ। ਅਗੇ ਹਮੇਸ਼ਾ ਹੀ ਆਪੋਜ਼ੀਸ਼ਨ ਸਰਕਾਰ ਤੇ ਤਾਬੜ ਤੋੜ ਹਮਲੇ ਕਰਦੀ ਸੀ ਤੇ ਸਰਕਾਰ ਬਚਾਓ ਵਿਚ ਬਹਾਨੇ ਅਤੇ ਜੁਆਬ ਦਿੰਦੀ ਸੀ। ਇਸ ਚੋਣ ਵਿਚ ਪਹਿਲੀ ਵਾਰ ਐਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਰਾਜੀਵ ਗਾਂਧੀ ਨੇ ਸਾਰੀ ਆਪੋਜ਼ੀਸ਼ਨ ਨੂੰ ਕਟਹਿਰੇ ਵਿਚ ਖੜਾ ਕੀਤਾ ਹੁੰਦਾ ਹੈ ਅਤੇ ਉਹ ਆਪਣੀਆਂ ਸਫਾਈਆਂ ਹੀ ਪੇਸ਼ ਕਰ ਰਹੀ ਹੁੰਦੀ ਹੈ। ਨਤੀਜੇ ਵਜੋਂ ਵਿਰੋਧੀ ਲੀਡਰਾਂ ਚੋਂ ਮਸਾਂ ਬਾਬੂ ਜਗਜੀਵਨ ਰਾਮ, ਚੌਧਰੀ ਚਰਨ ਸਿੰਘ ਤੇ ਬੀਜੂ ਪਟਨਾਇਕ ਹੀ ਬਚੇ ਹਨ ਜਿਵੇਂ ਮੁੰਨੇ ਹੋਏ ਸਿਰ ਤੇ ਬੋਦੀ ਬਚਦੀ ਹੈ। ਬੰਗਾਲ ਵਿਚ ਮਾਰਕਸੀ ਕਮਿਊਨਿਸਟ ਪਾਰਟੀ ਵਰਗੀ ਮਜ਼ਬੂਤ ਪਾਰਟੀ ਨੂੰ ਵੀ ਢਾਹ ਲਗੀ ਹੈ। ਮਤਲਬ ਸਾਫ ਹੈ ਕਿ ਵਿਰੋਧੀ ਧਿਰ ਦੀ ਪਿਛਲੀ ਕਾਰਗੁਜ਼ਾਰੀ ਤੋਂ ਲੋਕ ਖੁਸ਼ ਨਹੀਂ। ਇਹ ਕੰਮ ਇਹਨਾਂ ਪਾਰਟੀਆਂ ਦਾ ਹੈ ਕਿ ਇਸ ਪਿਟਾਈ ਦਾ ਕਾਰਨ ਲਭਣ। ਆਂਧਰਾ ਪ੍ਰਦੇਸ਼ ਵਿਚ ਤਿਲਗੂ ਦੇਸਮ ਦੀ ਭਾਰੀ ਜਿੱਤ ਇਹ ਦਸਦੀ ਹੈ ਕਿ ਲੋਕ ਨਿਰੇ ਵੇਗ ਵਿਚ ਹੀ ਨਹੀਂ ਰੁੜ੍ਹ ਜਾਂਦੇ। ਜਿੱਥੇ ਉਹਨਾਂ ਨੇ ਵੇਖਿਆ ਕਿ ਕਾਂਗਰਸ ਦਾ ਕਿਰਦਾਰ ਠੀਕ ਨਹੀਂ ਉਥੇ ਉਹਨਾਂ ਕਾਂਗਰਸ ਨੂੰ ਸੱਟ ਵੀ ਲਾਈ ਹੈ। ਲੋਕਾਂ ਦੀ ਸੋਚ ਅਗੇ ਸਦਾ ਸਿਰ ਝੁਕਾਉਣਾ ਚਾਹੀਦਾ ਹੈ ਕਿਉਂਕਿ ਲੋਕ ਹੀ ਸੁਪਰੀਮ ਹੁੰਦੇ ਹਨ।

ਪ੍ਰਧਾਨ ਮੰਤਰੀ ਰਾਜੀਵ ਅਗੇ ਬਹੁਤ ਵਡੀਆਂ ਚੁਣੌਤੀਆਂ ਹਨ। ਸਭ ਤੋਂ ਪਹਿਲਾਂ ਤਾਂ ਪੰਜਾਬ ਦੀ ਸਮਸਿਆ ਜੋ ਬਹੁਤ ਜਟਿਲ ਹੋ ਚੁਕੀ ਹੈ ਉਸ ਨੂੰ ਸੁਲਝਾਉਣਾ ਹੋਵੇਗਾ। ਜੇਕਰ ਉਹ ਪੂਰੀ ਕੋਸ਼ਿਸ਼ ਨਾਲ ਇਸ ਪਾਸੇ ਲਗਣਗੇ ਤਾਂ ਇਹ ਮਸਲਾ ਹਲ ਹੋ ਸਕਦਾ ਹੈ। ਅਤੇ ਦੇਸ਼ ਵਿਚ ਨਵਾਂ ਇਤਿਹਾਸ ਸ਼ੁਰੂ ਹੋ ਸਕਦਾ ਹੈ।

ਅਸੀਂ ਪ੍ਰਧਾਨ ਮੰਤਰੀ ਦੀ ਇਸ ਜਿੱਤ ਤੇ ਉਹਨਾਂ ਨੂੰ ਵਧਾਈ ਦਿੰਦੇ ਹੋਏ ਅਰਦਾਸ ਕਰਦੇ ਹਾਂ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਅਮਲੀ ਸ਼ਕਲ ਦੇਣ ਵਿਚ ਉਹ ਕਾਮਯਾਬ ਹੋਣ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ





## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 258411
,, : 250345
Resi. : 213054

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਸੰਪਾਦਕ ਵਲੋਂ

# ਭੁਪਾਲ–ਮੌਤ ਦੀ ਨਗਰੀ

ਮੌਤ ਜਿਹਾ ਨਾ ਜੱਗ ਤੇ ਸਖਤ ਕੋਈ
ਓਥੇ ਕਿਸੇ ਦੀ ਨਹੀਓਂ ਨਾਬਰੀ ਵੇ (ਵਾਰਿਸ)

ਭੋਪਾਲ, ਭਾਰਤ ਦੇ ਐਨ ਮਧ ਵਿਚ ਪਸਰੇ ਵਿਸ਼ਾਲ ਪ੍ਰਾਂਤ ਮਧ ਪ੍ਰਦੇਸ਼ ਦੀ ਇਤਿਹਾਸਕ ਰਾਜਧਾਨੀ ਇਕ ਵਾਰ ਮੁੜ ਇਤਿਹਾਸ ਦੇ ਪੰਨਿਆਂ ਤੇ ਉਕਰੀ ਗਈ। ਸਮੁਚੇ ਸੰਸਾਰ ਦੇ ਇਤਿਹਾਸ ਵਿਚ ਕਾਲੇ ਹਾਸ਼ੀਆਂ ਨਾਲ ਇਸ ਦਾ ਨਾਮ ਛੱਪ ਗਿਆ ਹੈ—ਮੌਤ ਦੀ ਨਗਰੀ ਦੇ ਰੂਪ ਵਿਚ। ਸੱਤ ਲੱਖ ਧੜਕਦੇ ਦਿਲਾਂ ਵਾਲਾ ਸ਼ਹਿਰ ਦੋ ਅਤੇ ਤਿੰਨ ਦਸੰਬਰ ਦੀ ਦਰਮਿਆਨੀ ਠੰਡੀ ਸੀਤ ਰਾਤ ਨੂੰ ਮਾਤਮੀ ਨਗਰੀ ਬਣ ਗਿਆ। ਮੌਤ, ਯੂਨੀਅਨ ਕਾਰਬਾਈਡ ਨਾਮੀ ਅਮਰੀਕੀ ਕੰਪਨੀ ਵਲੋਂ ਖੋਲ੍ਹੇ ਕਾਰਖਾਨੇ ਦੇ ਵਿਕਰਾਲ ਰੂਪ ਵਿਚ ਆਈ। ਕੀੜਿਆਂ ਨੂੰ ਮਾਰਨ ਵਾਸਤੇ ਬਣਾਈਆਂ ਜਾਂਦੀਆਂ ਜ਼ਹਿਰੀਲੀਆਂ ਦਵਾਈਆਂ ਬਨਾਉਣ ਵਾਲੇ ਕਾਰਖਾਨੇ ਨੇ ਇਨਸਾਨੀ ਜਾਨਾਂ ਦੀ ਵੀ ਬਲੀ ਲਈ।

ਤਿੰਨ ਹਜ਼ਾਰ ਤੋਂ ਉਪਰ ਕੀਮਤੀ ਜਾਨਾਂ ਮੌਤ ਦੀ ਨੀਂਦ ਸੌਂ ਗਈਆਂ। ਪੰਜਾਹ ਹਜ਼ਾਰ ਤੋਂ ਉਪਰ ਲੋਕ ਅਪੰਗ ਹੋ ਗਏ। ਬਹੁਤੇ ਅੰਨੇ ਹੋ ਗਏ ਅਤੇ ਬਾਕੀਆਂ ਨੂੰ ਉਮਰਾਂ ਦੇ ਰੋਗ ਲਗ ਗਏ। ਹਜ਼ਾਰਾਂ ਪਸ਼ੂ, ਗਊਆਂ, ਮੱਝਾਂ ਤੜਪ ਤੜਪ ਕੇ ਮਰ ਗਏ। ਮੈਦਾਨਾਂ ਦੇ ਮੈਦਾਨ ਮਨੁੱਖੀ ਲਾਸ਼ਾਂ ਨਾਲ ਭਰ ਗਏ। ਬਾਲ ਬੱਚੇ ਬੁੱਢੇ ਔਰਤਾਂ ਮਰਦਾਂ ਦੀਆਂ ਲਾਸ਼ਾਂ ਦੀਆਂ ਲਾਈਨਾਂ ਇਵੇਂ ਲਗੀਆਂ ਪਈਆਂ ਸਨ ਜਿਵੇਂ ਗੰਨੇ ਵੱਢ ਵੱਢ ਕੇ ਰਖੇ ਹੁੰਦੇ ਹਨ। ਮਾਂਵਾਂ ਨੂੰ ਪੁੱਤ ਨਹੀਂ ਲਭੇ, ਔਰਤਾਂ ਨੂੰ ਸ਼ੌਹਰ ਛੁੱਟ ਗਏ ਅਤੇ ਛੋਟੇ ਛੋਟੇ ਬੱਚਿਆਂ ਨੂੰ ਪਛਾਨਣ ਵਾਲਾ ਕੋਈ ਨਾ ਰਿਹਾ। ਜਿਨ੍ਹਾਂ ਦਾ ਥਹੁ ਪਤਾ ਲਗਾ ਉਹਨਾਂ ਮੁਰਦਿਆਂ ਉਤੇ ਚਿਟਾਂ ਲਿਖ ਕੇ ਲਾਈਆਂ ਗਈਆਂ ਕਿ ਕੋਈ ਇਹਨਾਂ ਦੀ ਪਛਾਣ ਕਰੇ। ਹਸਪਤਾਲਾਂ ਵਿਚ ਖੜੇ ਹੋਣ ਲਈ ਥਾਂ ਨਹੀਂ ਸੀ ਅਤੇ ਲੋਕਾਂ ਨੂੰ ਫਰਸ਼ਾਂ ਤੇ ਹੀ ਲਿਟਾ ਕੇ ਇਲਾਜ ਕੀਤਾ ਜਾ ਰਿਹਾ ਸੀ। ਡਾਕਟਰ ਕੀ ਕਰਦੇ ? ਲੋਕ ਤਾਂ ਸਾਹ ਲੈਂਦੀਆਂ ਲਾਸ਼ਾਂ ਦੇ ਰੂਪ ਵਿਚ ਆ ਰਹੇ ਸਨ। ਇਕੱਠਿਆਂ ਢੇਰਾਂ ਦੇ ਢੇਰਾਂ ਨੂੰ ਹੀ ਅੱਗ ਲਾ ਕੇ ਸਸਕਾਰਿਆ ਜਾ ਰਿਹਾ ਸੀ। ਕੌਣ ਕਿਸ ਨੂੰ ਪਛਾਣਦਾ। ਪਛਾਨਣ ਵਾਲੇ ਤਾਂ ਦੌੜ ਗਏ ਸਨ ਜਾਨ ਬਚਾਉਣ ਲਈ। ਪਰ ਮੌਤ ਨੇ ਪਤਾ ਨਹੀਂ ਕਿਥੇ ਕਿਥੇ ਪਿੱਛਾ ਕੀਤਾ। ਖੇਤਾਂ ਵਿਚ ਸੜਕਾਂ ਤੇ ਅਤੇ ਘਰਾਂ ਵਿਚ। ਡਾਕਟਰਾਂ ਨੇ ਟੱਬਰਾਂ ਦੇ ਟੱਬਰ ਅੱਖਾਂ ਤੇ ਪੱਟੀਆਂ ਬੰਨ ਕੇ ਲੈਕੇ ਬਿਠਾ ਦਿਤੇ। ਕੇਵਲ ਫੁੱਲਾਂ ਵਰਗੇ ਸੋਹਣੇ ਸੋਹਣੇ ਮਾਸੂਮ ਮੁਖੜਿਆਂ ਵਾਲੇ ਬੱਚੇ ਇੰਜ ਸੁੱਤੇ ਲਗਦੇ ਜਿਵੇਂ ਹੁਣੇ ਹੀ ਉਠਣਗੇ ਪਰ ਉਹ ਤਾਂ ਹੁਣ ਕਬਰਾਂ ਦਾ ਖਾਜਾ ਬਣ ਚੁਕੇ ਸਨ। ਇਕ ਗੱਲ ਸੀ ਕਿ ਜਿਨ੍ਹਾਂ ਗਰੀਬਾਂ ਨੂੰ ਉਮਰ ਭਰ ਚੰਗਾ ਕਪੜਾ ਨਹੀਂ ਸੀ ਮਿਲਿਆ ਹੁਣ ਮਰਨ ਤੇ ਉਹਨਾਂ ਉਤੇ ਨਵੇਂ ਨਕੋਰ ਚਿਟੇ ਕਪੜਿਆਂ ਦੇ ਕਫਨ ਪਾਏ ਗਏ ਸਨ। ਮੁਰਦਿਆਂ ਦੀਆਂ ਤਸਵੀਰਾਂ ਖਿੱਚ ਕੇ ਕੰਧਾਂ ਤੇ ਲਾਈਆਂ ਗਈਆਂ ਹਨ। ਕੋਈ ਪਛਾਨਣ ਵਾਲਾ ਹੋਇਆ ਤਾਂ ਤਸੱਲੀ ਕਰ ਲਵੇਗਾ ਕਿ ਉਸ ਦਾ ਸਬੰਧੀ ਵਾਕਿਆ ਹੀ ਮਰ ਚੁਕਾ ਹੈ। ਗਾਲਿਬ ਨੇ ਕਿਹਾ ਸੀ ਕਿ "ਮੌਤ ਕਾ ਏਕ ਦਿਨ ਮੁਅਈਨ ਹੈ"। ਇਹਨਾਂ ਸਾਰਿਆਂ ਵਾਸਤੇ ਇਕੋ ਹੀ ਦਿਨ ਨਿਸ਼ਚਿਤ ਕੀਤਾ ਗਿਆ।

ਸ਼ਾਇਦ ਜ਼ਫਰ ਨੇ ਇਹ ਕਵਿਤਾ ਇਸੇ ਸਮੇਂ ਵਾਸਤੇ ਲਿਖੀ ਸੀ :

ਜਿਨ ਗਲੀਅਨ ਮੇਂ ਪਹਿਲੇ ਦੇਖੀਂ
ਲੋਗਨ ਕੀ ਰੰਗ ਰਲੀਆਂ ਥੀਂ
ਫਿਰ ਦੇਖਾ ਤੋ ਉਨ ਲੋਗਨ ਬਿਨ
ਸੂਨੀ ਪੜੀ ਵੋ ਗਲੀਆਂ ਥੀਂ
ਐਸੀ ਅਖੀਆਂ ਮੀਚ ਪੜੇ ਹੈਂ
ਕਰਵਟ ਭੀ ਨਹੀਂ ਲੇ ਸਕਤੇ
ਜਿਨਕੀ ਚਾਲੇਂ ਅਲਬੇਲੀ
ਔਰ ਚਲਨੇ ਮੇਂ ਛਲਬਲੀਆਂ ਥੀਂ
ਖਾਕ ਕਾ ਇਨਕਾ ਬਿਸਤਰ ਹੈ
ਔਰ ਸਰ ਕੇ ਨੀਚੇ ਪੱਥਰ ਹੈ
ਹਾਏ ਵੋ ਸ਼ਕਲੇਂ ਪਿਆਰੀ ਪਿਆਰੀ
ਕਿਸ ਕਿਸ ਚਾਵ ਸੇ ਪਲੀਆਂ ਥੀਂ
ਤਲਖੀ ਉਠਾਈ ਮੌਤ ਕੀ ਚੱਖ ਕੇ,
ਖਾਕ ਸਭ ਉਨ ਕੇ ਸਾਦ ਗਏ,
ਜਿਨਕੀਂ ਬਾਤੇਂ ਮੀਠੀ ਮੀਠੀ,
ਮਿਸਰੀ ਕੀ ਸੀ ਡਲੀਆਂ ਥੀਂ

ਭੁਪਾਲ ਵਿਚ ਮੌਤ ਦੇ ਤਾਂਡਵ ਦਾ ਨਜ਼ਾਰਾ ਇਕ

**ਵਰਿਆਮ**



Sri Satguru Jagjit Singh Ji eLibrary NamdhariElibrary@gmail.com

ਅਖ਼ਬਾਰ ਨਵੀਸ ਨੇ ਇਵੇਂ ਪੇਸ਼ ਕੀਤਾ।

..."ਸਈਅਦ ਖਾਨ ਧੂਗੂ ਸੁਣਦਿਆਂ ਹੀ ਆਪਣੇ ਡੰਗਰ ਨੂੰ ਖੰਘਦਿਆਂ ਅਤੇ ਥੁਕਦਿਆਂ ਛੱਡ ਕੇ ਉਠ ਦੌੜਿਆ। ਸਵੇਰ ਵੇਲੇ ਜਦੋਂ ਉਹ ਵਾਪਸ ਆਇਆ ਤਾਂ ਉਸ ਦੀ ਮਾਂ ਬਾਪ ਅਤੇ ਦੋ ਭਰਾ ਮਰ ਚੁਕੇ ਸਨ ਇਕੋ ਭੈਣ ਹੀ ਬਚੀ। ਜੈ ਪ੍ਰਕਾਸ਼ ਨਗਰ ਦਾ ਸ਼ਹਿਜ਼ਾਦ ਖਾਨ ਜਿਹੜਾ ਕਿ ਭੈ-ਭੀਤ ਹੋਇਆ ਆਪਣੀ ਘਰਵਾਲੀ ਤੇ ਚਾਰ ਲੜਕੀਆਂ ਨੂੰ ਜ਼ਹਿਰੀਲੀ ਗੈਸ ਵਿਚ ਛੱਡ ਕੇ ਦੌੜ ਗਿਆ ਸੀ ਜਦ ਵਾਪਸ ਆਇਆ ਤਾਂ ਸਿਰਫ ਦੋ ਲੜਕੀਆਂ ਹੀ ਬਚੀਆਂ ਸਨ। ਮਸ਼ੀਨ ਉਪਰੇਟਰ ਸ਼ਿਵ ਨਾਰੰਗ ਦਾ ਤਿੰਨ ਮਹੀਨਿਆਂ ਦਾ ਬੱਚਾ ਮਰ ਗਿਆ ਪਰ ਬਾਕੀ ਗਵਾਂਢੀਆਂ ਦੇ ਸੱਤ ਮਰ ਗਏ। ਇਹਨਾਂ ਚੋਂ ਝੁਗੀਆਂ ਦਾ ਮਾਲਕ ਕੁਸਦਾ ਸੀ ਜਿਹੜਾ ਆਪਣੀ ਪਤਨੀ ਨੂੰ ਛੱਡ ਕੇ ਦੌੜ ਨਾ ਸਕਿਆ। ਉਸ ਨੇ ਕੁਝ ਘੰਟੇ ਪਹਿਲਾਂ ਆਪਣੇ ਦੂਜੇ ਪੁੱਤਰ ਨੂੰ ਜਨਮ ਦਿਤਾ ਸੀ। ਇਹ ਸਾਰੇ ਹੀ ਮਰ ਗਏ...।"

ਭੁਪਾਲ ਦਾ ਹਾਦਸਾ ਭਾਰਤੀ ਇਤਿਹਾਸ ਵਿਚ ਸਭ ਤੋਂ ਭੈੜਾ ਉਦਯੋਗਿਕ ਹਾਦਸਾ ਹੈ। ਯੂਨੀਅਨ ਕਾਰਬਾਈਡ ਅਮਰੀਕੀ ਕੰਪਨੀ ਨੇ ਇਥੇ ਕੀੜੇ ਮਾਰ 'ਦਵਾਈਆਂ' ਬਨਾਉਣ ਦਾ ਕਾਰਖਾਨਾ ਲਾਇਆ ਹੋਇਆ ਹੈ। ਅਦਾਲਤੀ ਜਾਂਚ ਪਤਾ ਨਹੀਂ ਕੀ ਦਸੇ। ਪਰ ਅਜੇ ਤਕ ਇਹ ਕਿਹਾ ਜਾ ਰਿਹਾ ਹੈ ਕਿ ਮੀਥਲ ਆਈਸੋ ਸਾਇਨੇਟ ਨਾਮਕ ਅਤਿ ਜ਼ਹਿਰੀਲੀ ਗੈਸ ਬੇਕਾਬੂ ਹੋ ਕੇ ਹਵਾ ਵਿਚ ਫੈਲ ਗਈ ਅਤੇ ਭੁਪਾਲ ਨੂੰ ਹੀਰੋਸ਼ੀਮਾ ਬਣਾ ਦਿਤਾ। ਉਥੇ ਐਟਮ ਬੰਬ ਡਿਗਿਆ ਸੀ ਇਥੇ ਚੁਪ ਚੁਪੀਤਿਆਂ ਹੀ ਘਲੂਘਾਰਾ ਹੋ ਗਿਆ। ਇਹ ਵੀ ਦਸਿਆ ਜਾ ਰਿਹਾ ਹੈ ਕਿ ਅਮਰੀਕਾ ਵਿਚ ਇਸ ਕਾਰਖਾਨੇ ਨੂੰ ਪਰਵਾਨਗੀ ਨਾ ਮਿਲਣ ਤੇ ਇਹ ਭਾਰਤ ਵਿਚ ਲਗਾ। ਇਥੇ ਉਹ ਬਚਾਅ ਦੇ ਉਪਾਅ ਘੱਟ ਕੀਤੇ ਗਏ ਜੋ ਅਮਰੀਕਾ ਵਿਚ ਜ਼ਰੂਰੀ ਸਨ। ਇਸ ਕਾਰਖਾਨੇ ਵਿਚ ਅਕਤੂਬਰ ਅਤੇ ਦਸੰਬਰ ੧੯੮੨ ਵਿਚ ਵੀ ਦੋ ਵੱਖ ਵੱਖ ਹਾਦਸੇ ਹੋਏ ਸਨ ਇਕ ਅਸ਼ਰਫ ਖਾਂ ਨਾਮ ਦਾ ਵਰਕਰ ਮਰ ਵੀ ਗਿਆ। ਪਰ ਉਸਦੀ ਰਿਪੋਰਟ ਦਾ ਕੀ ਬਣਿਆ ਜਾਂ ਅਮਰੀਕੀ ਕੰਪਨੀ ਜਾਣੇ ਜਾਂ ਮਧ ਪ੍ਰਦੇਸ਼ ਦੀ ਸਰਕਾਰ ਜਾਣੇ।

ਹਾਦਸੇ ਦੀ ਖਬਰ ਸੁਣ ਕੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਚੋਣ ਦੌਰਾ ਛੱਡ ਕੇ ਭੁਪਾਲ ਆਏ ਤੇ ਰਾਹਤ ਕਾਰਜਾਂ ਨੂੰ ਤੇਜ਼ ਕੀਤਾ।

ਕੰਪਨੀ ਦਾ ਅਮਰੀਕੀ ਮਾਲਕ ਵਾਰਨ ਐਂਡਰਸਨ ੬ ਦਸੰਬਰ ਨੂੰ ਭਾਰਤ ਆਇਆ ਅਤੇ ੭ ਦਸੰਬਰ ਨੂੰ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਕੁਝ ਚਿਰ ਪਿਛੋਂ ਉਸ ਨੂੰ ਕੇਵਲ ਪਚੀ ਹਜ਼ਾਰ ਰੁਪਏ ਦੀ ਜ਼ਮਾਨਤ ਤੇ ਰਿਹਾ ਕਰਕੇ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਦਿੱਲੀ ਭੇਜ ਦਿਤਾ ਗਿਆ। ਭਾਰਤ ਵਿਚ ਯੂਨੀਅਨ ਕਾਰਬਾਈਡ ਦੇ ਚੇਅਰਮੈਨ ਸ੍ਰੀ ਕੇਸ਼ਬ ਮਹਿੰਦਰਾ ਅਤੇ ਮੈਨੇਜਿੰਗ ਡਾਇਰੈਕਟਰ ਵੀ.ਪੀ. ਗੋਖਲੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੀ.ਬੀ.ਆਈ. ਜਾਂਚ ਪੜਤਾਲ ਵੀ ਕਰੇਗੀ। ਅਮਰੀਕੀ ਕੰਪਨੀ ਤੇ ਲੱਖਾਂ ਡਾਲਰਾਂ ਦਾ ਮੁਕੱਦਮਾ ਵੀ ਹੋਇਆ ਹੈ ਅਤੇ ਹੋ ਸਕਦਾ ਹੈ ਪੀੜਤ ਲੋਕਾਂ ਨੂੰ ਕੁਝ ਮੁਆਵਜ਼ਾ ਦੇ ਕੇ ਅੱਖਾਂ ਪੂੰਝ ਦਿਤੀਆਂ ਜਾਣ ਪਰ ਜਿਨ੍ਹਾਂ ਦੇ ਘਰ ਦੇ ਪਿਆਰੇ ਜੀਅ ਸਦਾ ਲਈ ਤੁਰ ਗਏ ਉਹਨਾਂ ਦਾ ਘਾਟਾ ਕੌਣ ਪੂਰਾ ਕਰੂ।

ਅਜ ਕਲ ਨਿਤ ਫੈਲ ਰਹੇ ਉਦਯੋਗਿਕ ਕਾਰਖਾਨਿਆਂ ਵਿਚ ਸੁਰਖਿਆ ਦੇ ਪਰਬੰਧ ਕਿੰਨੇ ਕੁ ਹਨ? ਕੁਝ ਸਾਲ ਪਹਿਲਾਂ ਚਸਨਾਲਾ ਖਾਨ ਦਾ ਹਾਦਸਾ ਹੋਇਆ ਸੀ ਅਤੇ ਸੈਂਕੜੇ ਮਜ਼ਦੂਰ ਖਾਣ ਵਿਚ ਵੜੇ ਪਾਣੀ ਵਿਚ ਡੁੱਬ ਕੇ ਮਰ ਗਏ ਸਨ ਪਰ ਪਾਣੀ ਨੂੰ ਕਢਣ ਵਾਸਤੇ ਪੰਪ ਪ੍ਰਾਪਤ ਨਹੀਂ ਸਨ ਹੋ ਰਹੇ। ਅਜ ਕਲ ਹਜ਼ਾਰਾਂ ਲੋਕ ਇਕ ਇਕ ਕਾਰਖਾਨੇ ਵਿਚ ਕੰਮ ਕਰਦੇ ਹਨ। ਉਹਨਾਂ ਦੀ ਹਿਫਾਜ਼ਤ ਦੇ ਕੀ ਇੰਤਜ਼ਾਮ ਹਨ। ਇਹ ਕਾਰਖਾਨੇ ਪ੍ਰਾਯ ਵਸਦੀਆਂ ਆਬਾਦੀਆਂ ਵਿਚ ਹਨ। ਅਸਲ ਵਿਚ ਕਾਰਖਾਨੇ ਭਾਵੇਂ ਵੱਡੇ ਹੋਣ ਭਾਵੇਂ ਛੋਟੇ ਇਹ ਧਿਆਨ ਹੀ ਨਹੀਂ ਦਿਤਾ ਜਾਂਦਾ ਕਿ ਇਹਨਾਂ ਨੂੰ ਵਸੋਂ ਤੋਂ ਬਾਹਰ ਰਖਿਆ ਜਾਵੇ। ਭੁਪਾਲ ਵਿਚ ਤਾਂ ਜ਼ਹਿਰੀਲੀ ਗੈਸ ਨੇ ਬੰਦੇ ਮਾਰੇ ਪਰ ਉਹਨਾਂ ਅਨੇਕਾਂ ਲੋਕਾਂ ਦਾ ਪਤਾ ਹੀ ਨਹੀਂ ਲਗਦਾ ਜੋ ਸ਼ਹਿਰਾਂ ਵਿਚ ਕਾਰਖਾਨਿਆਂ ਚੋਂ ਨਿਕਲਦੇ ਤੇਜ਼ਾਬ, ਕਾਸਟਕ ਸੋਡੇ ਅਤੇ ਹੋਰ ਰਸਾਇਣਾਂ ਕਾਰਨ ਬੀਮਾਰ ਹੁੰਦੇ ਅਤੇ ਮਰਦੇ ਹਨ। ਸੜਕਾਂ ਦੇ ਕੰਢਿਆਂ ਅਤੇ ਗਲੀਆਂ ਵਿਚ ਧੂੰ ਮਾਰਦੇ ਕਾਰਖਾਨੇ ਲਗੇ ਹਨ ਚਿਮਨੀਆਂ ਦੇ ਧੂਏਂ ਮਹਲਿਆਂ ਵਿਚ ਘਰਾਂ ਤਕ ਅੰਦਰ ਜਾ ਕੇ ਕਪੜੇ ਕਾਲੇ ਕਰਦੇ ਹਨ।

ਉਦਯੋਗਕ ਤਰੱਕੀ ਕਾਰਨ ਅਕਾਸ਼ ਵਿਚ ਚਿਮਨੀਆਂ ਚੋਂ ਨਿਕਲਦੇ ਧੂਆਂ ਦੇ ਨਾਲ ਨਾਲ ਹੀ ਮੌਤ ਦੇ ਬਦਲ ਵੀ ਘੁਮਦੇ ਹਨ। ਮੌਤ ਨੂੰ ਟਾਲਿਆ ਤਾਂ ਨਹੀਂ ਜਾ ਸਕਦਾ ਅਤੇ ਇਸ ਦੀ ਵਿਆਪਕਤਾ ਉਤੇ ਸਭ ਧਰਮ ਗਰੰਥਾਂ ਅਤੇ ਦਾਰਸ਼ਨਿਕਾਂ ਨੇ ਚਿਰਾਂ ਤੋਂ ਬਹੁਤ ਕੁਝ ਲਿਖਿਆ ਹੈ। ਪਰ ਬੇਗਿਣਤ ਮੁਨਾਫਿਆਂ ਦੇ ਲਾਲਚ ਵਿਚ ਇਨਸਾਨੀ ਜਾਨਾਂ


Sri Satguru Jagjit Singh Ji eLibrary NamdhariElibrary@gmail.com

ਨਾਲ ਖੰਡਣ ਦੀ ਆਗਿਆ ਵੀ ਕਿਵੇਂ ਦਿਤੀ ਜਾ ਸਕਦੀ ਹੈ।

ਅਜੇਹੀਆਂ ਗੈਸਾਂ ਦੇ ਹੁੰਦਿਆਂ ਮੌਤ ਦੇ ਕਿਸੇ ਹੋਰ ਹਥਿਆਰ ਦੀ ਕਿੰਨੀ ਕੁ ਲੋੜ ਹੈ। ਅਜ ਜਦੋਂ ਸਾਇੰਸ ਦੀ ਵਰਤੋਂ ਇਨਸਾਨਾਂ ਨੂੰ ਨਵੀਨ ਤੋਂ ਨਵੀਨ ਢੰਗ ਨਾਲ ਮਾਰਨ ਵਾਸਤੇ ਸੋਚੀ ਜਾ ਰਹੀ ਹੈ ਤਾਂ ਸਾਡੀ ਸਰਕਾਰ ਅਤੇ ਲੋਕਾਂ ਨੂੰ ਇਸ ਕਲੋਂ ਤਾਂ ਸੁਚੇਤ ਹੋਣਾ ਚਾਹੀਦਾ ਹੈ ਕਿ ਅਜਿਹੇ ਕਾਰਖਾਨਿਆਂ ਦੀ ਆੜ ਵਿਚ ਬਦੇਸੀ ਕੰਪਨੀਆਂ ਹੋਰ ਤਜਰਬੇ ਤਾਂ ਨਹੀਂ ਕਰਦੀਆਂ। ਸਰਕਾਰ ਵਲੋਂ ਕਰਵਾਈ ਜਾ ਰਹੀ ਅਦਾਲਤੀ ਜਾਂਚ ਇਸ ਪਹਿਲੂ ਤੇ ਵੀ ਧਿਆਨ ਦੇਵੇਗੀ ਕਿ ਭੂਪਾਲ ਵਿਚੋਂ ਲੀਕ ਹੋਈ ਗੈਸ ਕੀਟ ਨਾਸ਼ਕ ਦਵਾਈਆਂ ਵਾਸਤੇ ਸੀ ਜਾਂ ਕਿਸੇ ਹੋਰ ਮਕਸਦ ਜਾਂ ਤਜਰਬੇ ਲਈ।

ਭੂਪਾਲ ਦਾ ਭਿਆਨਕ ਹਾਦਸਾ ਇਸ ਗੱਲ ਦੀ ਚਿਤਾਵਨੀ ਹੈ ਕਿ ਉਦਯੋਗਕ ਕਾਰਖਾਨਿਆਂ ਵਿਚ ਮਨੁਖੀ ਜਾਨਾਂ ਦੇ ਰਿਸਕ ਵਲ ਪੂਰਾ ਧਿਆਨ ਦਿਤਾ ਜਾਵੇ ਅਤੇ ਹਾਦਸਿਆਂ ਦੀ ਸੰਭਾਵਨਾ ਰੋਕਣ ਵਾਸਤੇ ਸੋਚਾਂ ਅਤੇ ਉਪਾਵਾਂ ਨੂੰ ਪ੍ਰਾਥਮਿਕਤਾ ਦਿਤੀ ਜਾਵੇ।

—ਜਗਦੀਸ਼ ਸਿੰਘ

# ਜਦੋਂ ਭੁਪਾਲ ਉਜੜ ਗਿਆ

ਘੁਗੂ ਦੇ ਵਜਨ ਨਾਲ ਮੰਗਲਾ ਰਾਮ ਤ੍ਰਿੰਹ ਪਿਆ। ਆਮ ਹਾਲਤ ਵਿਚ ਉਸਨੇ ਇਹਦੀ ਪਰਵਾਹ ਨਾ ਕੀਤੀ ਹੁੰਦੀ ਅਤੇ ਦੁਬਾਰਾ ਸੌਂ ਗਿਆ ਹੁੰਦਾ। ਫੈਕਟਰੀ ਦੇ ਨਜ਼ਦੀਕ ਦਸ ਸਾਲਾਂ ਤੋਂ ਜ਼ਿਆਦਾ ਸਮਾਂ ਰਹਿਣ ਕਰਕੇ ਉਹ ਬੇਵਕਤੇ ਘੁਗੂ ਦੀ ਆਵਾਜ਼ ਦਾ ਆਦੀ ਸੀ। ਪਰ ਉਸ ਰਾਤ ਉਹਨੂੰ ਪਿਆਸ ਲਗੀ ਸੀ ਇਸ ਕਰਕੇ ਉਹ ਬਿਸਤਰੇ ਚੋਂ ਪਾਣੀ ਪੀਣ ਵਾਸਤੇ ਉਠਿਆ। ਉਹ ਅਜੇ ਵੀ ਬੇਆਰਾਮੀ ਮਹਿਸੂਸ ਕਰ ਰਿਹਾ ਸੀ। ਉਸਦੇ ਗਲੇ ਵਿਚ ਕੁਝ ਫਸ ਗਿਆ ਲਗਦਾ ਸੀ ਅਤੇ ਉਹਦੇ ਵਾਸਤੇ ਸਾਹ ਲੈਣਾ ਕੁਝ ਔਖਾ ਹੋ ਗਿਆ ਸੀ। ਉਸਦੀ ਛਾਤੀ ਸੁੰਗੜਦੀ ਲਗਦੀ ਸੀ ਜਿਵੇਂ ਕਿ ਭਾਰ ਪਿਆ ਹੋਵੇ। ਜਦੋਂ ਉਹਨੇ ਤਾਜ਼ੀ ਹਵਾ ਵਾਸਤੇ ਦਰਵਾਜ਼ਾ ਖੋਲਿਆ ਭੂਰੇ ਰੰਗ ਦੀ ਧੁੰਦ ਕਮਰੇ ਵਿਚ ਦਾਖਲ ਹੋਈ। ਇਹਦੇ ਨਾਲ ਹੀ ਚੁਭਵੀਂ ਖੱਟੀ ਕੌੜੀ ਬੋ ਵੀ ਆਈ। ਮੰਗਲਾ ਰਾਮ ਦਾ ਜੀਅ ਕੱਚਿਆਉਣ ਲਗਾ। ਬਾਹਰ ਭੂਰੇ ਰੰਗ ਦਾ ਬਦਲ ਜੋ ਪ੍ਰਕਾਸ਼ ਕਲੋਨੀ ਦੇ ਉਪਰ ਬਹੁਤ ਨੀਵਾਂ ਹੋ ਕੇ ਚਲ ਰਿਹਾ ਸੀ। ਇਹ ਕਾਲੋਨੀ ਮਧ ਪ੍ਰਦੇਸ਼ ਦੀ ਰਾਜਧਾਨੀ ਭੁਪਾਲ ਦੇ ਉਤਰ ਪੂਰਬੀ ਹਿੱਸੇ ਵਿਚ ਹੈ। ਜਦੋਂ ਮੰਗਲਾ ਰਾਮ ਆਪਣੇ ਘਰੋਂ ਬਾਹਰ ਨਿਕਲਿਆ ਤਾਂ ਕਾਲੋਨੀ ਦੇ ਕਈ ਲੋਕ ਅਗੇ ਹੀ ਜਾਗ ਚੁਕੇ ਸਨ ਅਤੇ ਕਈ ਕਾਲੋਨੀ ਦੇ ਸਾਹਮਣੇ ਰੇਲਵੇ ਲਾਈਨ ਤੋਂ ਪਾਰ ਫੈਕਟਰੀ ਵਲ ਦੌੜ ਰਹੇ ਸਨ। ਦੂਜਿਆਂ ਵਾਂਗ ਮੰਗਲਾ ਰਾਮ ਨੂੰ ਵੀ ਇਹ ਵਿਚਾਰ ਆਇਆ ਕਿ ਫੈਕਟਰੀ ਨੂੰ ਅੱਗ ਲੱਗ ਗਈ ਹੈ ਜਿਸ ਕਰਕੇ ਧੂਏਂ ਦਾ ਬਦਲ ਬਣ ਗਿਆ ਹੈ। ਪਰ ਕਿਸੇ ਨੂੰ ਅੱਗ ਲਗੀ ਦਿੱਸੀ ਨਾ। ਕਿਸੇ ਨੇ ਪਾਈਪਾਂ ਅਤੇ ਟੈਂਕੀਆਂ ਦੇ ਜਮਘਟੇ ਵਿਚੋਂ ਪਤਲਾ ਜਿਹਾ ਧੂਆਂ ਨਿਕਲਦਾ ਵੇਖਿਆ। ਕੌੜੇ ਧੂਏਂ ਦੇ ਬਦਲ ਦੇ ਸੰਘਣੇ ਹੋਣ ਨਾਲ ਵਾਤਾਵਰਨ ਗਲ ਘੁਟਵਾਂ ਹੋ ਗਿਆ। ਹਰ ਇਕ ਵਾਸਤੇ ਸਾਹ ਲੈਣਾ ਔਖਾ ਹੋ ਗਿਆ। ਸਾਰੇ ਦਬਾ ਦਬ ਆਪਣੇ ਘਰਾਂ ਨੂੰ ਦੌੜੇ। ਧੂਏਂ ਤੋਂ ਪੈਦਾ ਹੋਈ ਖੁਰਕ ਤੋਂ ਬਚਣ ਵਾਸਤੇ ਸਭ ਅੱਖਾਂ ਮਲ ਰਹੇ ਸਨ। ਲਗਦਾ ਸੀ ਜਿਵੇਂ ਕਿਸੇ ਨੇ ਉਹਨਾਂ ਦੀਆਂ ਅੱਖਾਂ ਵਿਚ ਮਿਰਚਾਂ ਪਾ ਦਿਤੀਆਂ ਹੋਣ। ਮੰਗਲਾ ਰਾਮ ਦੀਆਂ ਵੀ ਅੱਖਾਂ ਗਿੱਲੀਆਂ ਸਨ ਤੇ ਲਹੂ ਲੁਹਾਣ ਸਨ।

ਘਰ ਪਹੁੰਚ ਕੇ ਉਸ ਵੇਖਿਆ ਕਿ ਉਸਦੀ ਪਤਨੀ ਪੀੜ ਨਾਲ ਤੜਪ ਰਹੀ ਸੀ ਅਤੇ ਉਸਦੀ ਜ਼ਬਾਨ ਝੱਗ ਛਡਦੇ ਮੂੰਹ ਵਿਚੋਂ ਬਾਹਰ ਨਿਕਲ ਰਹੀ ਸੀ। ਉਸਦੇ ਦੋ ਬੱਚੇ ਇਕ ਲੜਕਾ ਅਤੇ ਇਕ ਲੜਕੀ ਬਹੁਤ ਤਕਲੀਫ ਵਿਚ ਸਨ ਅਤੇ ਚੀਕ ਰਹੇ ਸਨ। ਮੰਗਲਾ ਰਾਮ ਨੇ ਆਪਣੀ ਪਤਨੀ ਦੇ ਮੂੰਹ ਤੇ ਕੁਝ ਪਾਣੀ ਸੁਟਿਆ ਬਿਸਤਰੇ ਦੀ ਚਾਦਰ ਵਿਚ ਉਹਨੂੰ ਵਲ੍ਹੇਟ ਕੇ ਆਪਣੇ ਮੋਢਿਆਂ ਤੇ ਪਾ ਲਿਆ ਅਤੇ ਬਾਹਰ ਨਿਕਲ ਆਇਆ। ਬੱਚੇ ਉਹਨਾਂ ਦੇ ਮਗਰ ਹੀ ਦੌੜੇ।

ਮੰਗਲਾ ਰਾਮ ਇਹ ਤ੍ਰਾਸਦੀ ਕਦੇ ਨਹੀਂ ਭੁਲੇਗਾ। ਸਾਰਾ ਇਲਾਕਾ ਹੀ ਘਰਾਂ ਚੋਂ ਨਿਕਲ ਦੱਖਣ-ਪੱਛਮ ਵਲ ਸ਼ਹਿਰ ਦੇ ਮਧ ਵਲ ਦੌੜ ਰਿਹਾ ਸੀ। ਬਿਨਾ ਸੋਚੇ ਸਮਝੇ ਕਿ ਕਿਧਰ ਜਾਣਾ ਹੈ ਅਤੇ ਕੀ ਕਰਨਾ ਹੈ। ਕਈ ਰਾਹ ਵਿਚ ਬੇਹੋਸ਼ ਹੋ ਕੇ ਡਿਗ ਪਏ। ਕੁਝ ਸਦਾ ਵਾਸਤੇ ਹੀ ਡਿਗ ਪਏ। ਬੱਚਿਆਂ ਨੂੰ ਖੂਨ ਦੀਆਂ ਉਲਟੀਆਂ ਆ ਰਹੀਆਂ ਸਨ। ਗਰਭਵਤੀ ਔਰਤਾਂ ਠੋਕਰਾਂ ਖਾ ਕੇ, ਦਰਦ ਨਾਲ ਚੀਖਦੀਆਂ ਅਤੇ ਲਹੂ ਵਿਚ ਭਿਜੀਆਂ ਜ਼ਮੀਨ ਤੇ ਡਿਗ ਰਹੀਆਂ ਸਨ। ਮੌਤ ਦੇ ਭੂਰੇ ਬਦਲਾਂ ਵਲੋਂ ਪਿੱਛਾ ਕਰਨ ਤੇ ਉਹਨਾਂ ਦਾ ਡਰ ਅਫਰਾ-ਤਫਰੀ ਵਿਚ ਬਦਲ ਗਿਆ।

ਕੁਝ ਦਿਨ ਪਹਿਲਾਂ ਤਕ ਜੀਊਂਦੇ ਆਪਣੇ ਅਤਿ


Sri Satguru Jagjit Singh Ji eLibrary NamdhariElibrary@gmail.com

ਪਿਆਰੇ ਸਬੰਧੀਆਂ ਜਾਂ ਸਨੇਹੀਆਂ ਨੂੰ ਲੱਭਣ ਵਾਸਤੇ ਕੋਈ ਨਹੀਂ ਸੀ ਰੁਕ ਰਿਹਾ। ਬੱਚੇ ਆਪਣੇ ਮਾਪਿਆਂ ਤੋਂ ਵਿਛੜ ਗਏ, ਪਤੀ ਪਤਨੀਆਂ ਤੋਂ, ਭਰਾ ਭੈਣਾਂ ਤੋਂ ਜੁਦਾ ਹੋ ਗਏ। ਕਈ ਦਹਿਸ਼ਤ ਦੇ ਮਾਰੇ ਰਹੇ। ਭੈ-ਭੀਤ ਹੋਈ ਅਤੇ ਬੀਮਾਰ ਭੀੜ ਜਦੋਂ ਅਗੇ ਵਧੀ ਤਾਂ ਚੋਲਾ ਰੋਡ, ਜ਼ਿਲਾ ਜਮਾਲਪੁਰ, ਸਿੰਧੀ ਕਾਲੋਨੀ, ਰੇਲਵੇ ਕਲੋਨੀ, ਚਾਂਦਬਾਦ ਦੀਆਂ ਗਵਾਂਢੀ ਕਾਲੋਨੀਆਂ ਦੇ ਲੋਕ ਵੀ ਨਾਲ ਹੋ ਗਏ। ਸਮਰਥਾਵਾਨ ਅਤੇ ਪਹੁੰਚ ਵਾਲੇ ਲੋਕ ਤਾਂ ਜੋ ਵੀ ਗੱਡੀ ਮਿਲੀ ਉਸਤੇ ਚੜ੍ਹ ਕੇ ਚਲੇ ਗਏ ਸਨ। ਸਿਰਫ ਗਰੀਬ ਲੋਕ ਹੀ ਬਾਕੀ ਰਹਿ ਗਏ ਸਨ। ਮੰਗਲਾ ਰਾਮ ਦਾ ਖੌਫ ਹਰ ਕਦਮ ਵਧਦਾ ਹੀ ਜਾਂਦਾ ਸੀ ਅਤੇ ਉਹ ਸਾਹ ਲੈਣ ਵਾਸਤੇ ਕੁਝ ਦੇਰ ਲਈ ਰੁਕਿਆ। ਉਸ ਨੇ ਆਪਣੇ ਬੱਚਿਆਂ ਦੀ ਕੁਝ ਦੇਰ ਇੰਤਜ਼ਾਰ ਕੀਤੀ ਪਰ ਉਹਨਾਂ ਦਾ ਕੋਈ ਅਤਾ ਪਤਾ ਨਹੀਂ ਸੀ। ਜਾਪਦਾ ਸੀ ਉਹ ਗਵਾਚ ਗਏ ਸਨ। ਹੁਣ ਮੰਗਲਾ ਰਾਮ ਨੇ ਬੱਚੇ ਉਡੀਕਣ ਬਿਨਾਂ ਹੀ ਜਾਣ ਦਾ ਫੈਸਲਾ ਕਰ ਲਿਆ।

ਸੜਕ ਤੇ ਉਸ ਦੇਖਿਆ ਕਿ ਕੁਝ ਗਵਾਂਢੀ ਇਕ ਟਰੱਕ ਰੋਕ ਕੇ ਉਸ ਤੇ ਚੜ੍ਹ ਰਹੇ ਹਨ। ਉਹਨੇ ਵੀ ਸਵਾਰ ਹੋ ਕੇ ਅਪਣੀ ਪਤਨੀ ਨੂੰ ਫਰਸ਼ ਤੇ ਲਿਟਾ ਦਿਤਾ। ਟਰੱਕ ਦਾ ਸਾਰਾ ਫਰਸ਼ ਆਦਮੀ ਔਰਤਾਂ ਤੇ ਬੱਚਿਆਂ ਨਾਲ ਭਰਿਆ ਪਿਆ ਸੀ ਜੋ ਹਿਲਜੁਲ ਨਹੀਂ ਰਹੇ ਸਨ ਤੇ ਇਕ ਦੂਜੇ ਵਿਚ ਫਸੇ ਪਏ ਸਨ। ਉਹਨਾਂ ਦੇ ਆਲੇ ਦੁਆਲੇ ਬਚੀਆਂ ਖੁਚੀਆਂ ਥਾਵਾਂ ਤੇ ਉਹ ਸਨ ਜਿਹੜੇ ਅਜੇ ਵੀ ਖੜੇ ਹੋ ਸਕਦੇ ਸਨ। ਟਰੱਕ ਪੰਜ ਕੁ ਮਿੰਟਾਂ ਵਿਚ ਸੂਬੇ ਦੇ ਸਭ ਤੋਂ ਵੱਡੇ ਹਸਪਤਾਲ ਹਮੀਦੀਆ ਹਸਪਤਾਲ ਵਿਚ ਪਹੁੰਚ ਗਿਆ। ਮੰਗਲਾ ਰਾਮ ਨੂੰ ਇਹ ਨਹੀਂ ਸੀ ਪਤਾ ਕਿ ਉਸ ਨੇ ਤਿੰਨ ਕਿਲੋਮੀਟਰ ਦੂਰ ਅਪਣੇ ਘਰ ਨੂੰ ਕਦੋਂ ਛੱਡਿਆ ਸੀ ਪਰ ਹੁਣ ਤੜਕੇ ਦੇ ਢਾਈ ਵਜ ਗਏ ਸਨ। ਇਸ ਵੇਲੇ ਤਕ ਹਸਪਤਾਲ ਦੀ ਸਮਰੱਥਾ ਤੋਂ ਵਧ ਮਰੀਜ਼ ਉਥੇ ਆ ਚੁੱਕੇ ਸਨ। ਸਾਰੇ ਜਾਂ ਬਹੁਤੇ ਅਤਿ ਗੰਭੀਰ ਹਾਲਤ ਵਿਚ ਸਨ ਅਤੇ ਸਾਹ ਲੈਣ ਦਾ ਯਤਨ ਕਰ ਰਹੇ ਸਨ। ਜਦੋਂ ਮੰਗਲਾ ਰਾਮ ਨੇ ਅਪਣੀ ਪਤਨੀ ਨੂੰ ਹਸਪਤਾਲ ਦੇ ਦਰਵਾਜ਼ੇ ਦੀਆਂ ਪੌੜੀਆਂ ਤੇ ਰਖਿਆ ਉਹ ਮਸਾਂ ਹੀ ਹਿਲਜੁਲ ਸਕਦੀ ਸੀ। ਡਾਕਟਰਾਂ ਦੀ ਭਾਲ ਕਰਦਿਆਂ ਉਹਨੂੰ ਪਤਾ ਲਗਾ ਕਿ ਉਹ ਤਾਂ ਬਹੁਤ ਥੋੜੇ ਹਨ ਅਤੇ ਸਾਰੇ ਹੀ ਰੁੱਝੇ ਹੋਏ ਸਨ। ਆਖਰਕਾਰ ਜਦ ਇਕ ਨੌਜਵਾਨ ਡਾਕਟਰ ਨੇ ਆ ਕੇ ਉਹਦੀ ਪਤਨੀ ਦੀ ਨਬਜ਼ ਵੇਖਣ ਲਈ ਉਹਦਾ ਹੱਥ ਫੜਿਆ ਤਾਂ ਉਹ ਪਹਿਲਾਂ ਹੀ ਸਖਤ ਅਤੇ ਠੰਡੀ ਸੀ। ਜਿਹੜੀ ਚਾਦਰ ਵਿਚ ਉਹ ਲਪੇਟੀ ਹੋਈ ਸੀ ਉਸ ਨਾਲ ਹੀ ਡਾਕਟਰ ਨੇ ਉਹਦਾ ਮੂੰਹ ਕੱਜਿਆ ਤੇ ਚਲਦਾ ਬਣਿਆ। ਲਾਂਘੇ ਵਿਚ ਦੂਰ ਤਕ ਇਕ ਦੂਜੇ ਨਾਲ ਏਨੀਆਂ ਲਾਸ਼ਾਂ ਪਈਆਂ ਸਨ ਕਿ ਮੰਗਲਾ ਰਾਮ ਨੂੰ ਰੋਣਾ ਵੀ ਭੁਲ ਗਿਆ।

ਪਰ ਦੁਰਘਟਨਾ ਦੇ ਅਸਲੀ ਵਿਸਥਾਰ ਦਾ ਪਤਾ ਤਾਂ ਭੁਪਾਲ ਉਤੇ ਦਿਨ ਚੜ੍ਹਣ ਨਾਲ ਲਗਾ। ਸ਼ਹਿਰ ਦੇ ਸਾਰੇ ਹਸਪਤਾਲ ਤੇ ਪਰਾਈਵੇਟ ਕਲਿਨਕ ਲਗਾਤਾਰ ਆ ਰਹੇ ਪੀੜਤਾਂ ਦੇ ਪਰਵਾਹ ਨਾਲ ਭਰੇ ਪਏ ਸਨ। ਬੀਮਾਰ ਅਤੇ ਮਰ ਰਹੇ ਲੋਕਾਂ ਵਾਸਤੇ ਹਸਪਤਾਲ ਦੇ ਲਾਅਨ ਅਤੇ ਸੜਕਾਂ ਦੇ ਆਲੇ ਦੁਆਲੇ ਛੌਲਦਾਰੀਆਂ, ਤੰਬੂ ਲਾਏ ਜਾ ਰਹੇ ਸਨ। ਲੋਕ ਤੜਪ ਰਹੇ ਸਨ ਹੌਂਕ ਰਹੇ ਸਨ ਅਤੇ ਉਲਟੀਆਂ ਕਰ ਰਹੇ ਸਨ। ਜ਼ਿਆਦਾ ਗੰਭੀਰ ਮਰੀਜ਼ਾਂ ਨੂੰ ਆਕਸੀਜਨ ਦਿਤੀ ਜਾ ਰਹੀ ਸੀ ਪਰ ਜਦੋਂ ਲਾਗਲੇ ਘਰਾਂ ਵਿਚ ਲਾਸ਼ਾਂ ਦੇ ਢੇਰ ਲਗ ਗਏ ਤਾਂ ਪਤਾ ਲਗ ਗਿਆ ਕਿ ਡਾਕਟਰ ਹਾਰੀ ਹੋਈ ਲੜਾਈ ਲੜ ਰਹੇ ਹਨ। ਹੁਣ ਲਾਸ਼ਾਂ ਨੂੰ ਖੁਲ੍ਹੇ ਮੈਦਾਨਾਂ ਵਿਚ ਰੱਖ ਦਿਤਾ ਗਿਆ ਤਾਂ ਕਿ ਉਹਨਾਂ ਦੇ ਰਿਸ਼ਤੇਦਾਰ ਪਛਾਣ ਕਰ ਸਕਣ ਜਿਹੜੇ ਕਿ ਦੂਰ ਤਕ ਲੰਮੀਆਂ ਕਤਾਰਾਂ ਵਿਚ ਖੜੇ ਸਨ ਅਪਣੀ ਵਾਰੀ ਦੀ ਉਡੀਕ ਵਿਚ। ਦੂਸਰੇ ਲੋਕ ਜਿਨ੍ਹਾਂ ਸਮਝਿਆ ਕਿ ਉਹ ਘਰ ਵਿਚ ਸੁਰੱਖਿਅਤ ਹਨ ਬਿਸਤਰਿਆਂ ਵਿਚ ਹੀ ਮਰ ਗਏ। ਰੇਲਵੇ ਸਟੇਸ਼ਨ ਉਤੇ ਸਟੇਸ਼ਨ ਸੁਪਰਡੰਟ ਹਰੀਸ਼ ਧਰੁਵ ਜੋ ਹੁਣੇ ਹੀ ਡਿਊਟੀ ਤੇ ਆਇਆ ਸੀ ਸਮੇਤ ੨੫ ਸਟਾਫ ਮੈਂਬਰ ਮੌਤ ਦੀ ਗੋਦ ਵਿਚ ਜਾ ਬਿਰਾਜੇ। ਉਸ ਰਾਤ ਸਟੇਸ਼ਨ ਤੇ ਜਿਤਨੇ ਮੰਗਤੇ ਤੇ ਬੱਚੇ ਸੁਤੇ ਸਨ ਸਭ ਖਤਮ ਹੋ ਗਏ। ਭੁਪਾਲ ਸ਼ਹਿਰ ਲਾਸ਼ਾਂ ਦਾ ਸ਼ਹਿਰ ਬਣ ਗਿਆ। ਥਾਂ ਥਾਂ ਇਨਸਾਨ ਮੁਰਦੇ, ਫੁਲੇ ਹੋਏ ਮਰੇ ਡੰਗਰ ਕੁੱਤੇ ਬਿਲੇ ਵਿਖਰੇ ਪਏ ਸਨ।

ਗੈਸ ਨਵੇਂ ਭੁਪਾਲ ਤਕ ਵੀ ਜਾ ਅਪੜੀ ਜਿਥੇ ਗਵਰਨਰ ਅਤੇ ਮੰਤਰੀ ਰਹਿੰਦੇ ਹਨ ਅਤੇ ੧੦ ਕਿਲੋਮੀਟਰ ਦੇ ਘੇਰੇ ਵਿਚ ਫੈਲ ਗਈ ਅਤੇ ਭੁਪਾਲ ਦੀ ਸੱਤ ਲੱਖ ਦੀ ਆਬਾਦੀ ਦੇ ਚੌਥੇ ਹਿੱਸੇ ਤੇ ਅਸਰ ਕਰ ਗਈ। ਆਦਮੀ ਔਰਤ ਤੇ ਬੱਚੇ ਗੈਸ ਤੋਂ ਬਚਣ ਲਈ ਵੀਹ ਵੀਹ ਮੀਲ ਪੈਦਲ ਚਲੇ। ਪੁਲਸੀਏ ਅਪਣੀਆਂ ਚੌਕੀਆਂ ਛੱਡ ਦੌੜੇ। ਕਈ ਵੱਡੇ ਸਿਆਸਤਦਾਨ ਅਤੇ ਉੱਚ ਅਫਸਰ ੩੦ ਕਿਲੋ-ਮੀਟਰ ਦੂਰ ਸੀਹੋਰ ਚਲੇ ਗਏ। ਰਜੇ ਪੁਜੇ ਲੋਕ ਕਾਰਾਂ ਅਤੇ ਕਿਰਾਏ ਦੀਆਂ ਗੱਡੀਆਂ ਵਿਚ ਹੋਰ ਵੀ ਦੂਰ ਚਲੇ ਗਏ। ਸ਼ਹਿਰ ਦੇ ਪਟਰੋਲ ਪੰਪ ਖਾਲੀ ਹੋ ਗਏ। ਭੁਪਾਲ ਉਜੜ ਗਿਆ ਸੀ।

(—ਸੰਡੇ ਮੈਗਜ਼ੀਨ 'ਚੋਂ')

ਧੰਨਵਾਦ ਸਹਿਤ



Sri Satguru Jagjit Singh Ji eLibrary NamdhariElibrary@gmail.com

THE TRADERS' BANK LTD
COMPLETES

# 50

(1933–1983)

YEARS OF DEDICATED SERVICE TO THE NATION

WE PAY 0.25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

*Invest in our attractive deposit schemes*
*and grow with the growing Bank*

**Branches in : PUNJAB, HARYANA, U. P. & DELHI**

## THE TRADERS' BANK LTD.

(Regd. & H. O. H-72, Connought Circus, New Delhi)

(Scheduled Bank)

S. PARKASH SINGH
General Manager

S. SHER SINGH SINDHU
Chairman



Sri Satguru Jagjit Singh Ji eLibrary NamdhariElibrary@gmail.com

# ਕੁਦਰਤ ਦੇ ਸਭ ਬੰਦੇ

—ਦਿਆਲ ਚੰਦ ਮਿਗਲਾਨੀ

ਮਿੱਟੀ ਹੈ ਅਸਲੀਅਤ ਸਭ ਦੀ, ਮਿੱਟੀ ਸਭ ਦੀ ਜਾਈ
ਮਿੱਟੀ ਦਾ ਹੈ ਪੁਤਲਾ ਮਾਨਸ, ਫਿਰ ਕਾਹਦੀ ਵਡਿਆਈ
ਹੋਠਾਂ ਦੀ ਛੋਹ ਮਾਣੇ ਪਿਆਲਾ, ਦੀਪ ਕਰੇ ਰੁਸ਼ਨਾਈ
ਵੱਖ-ਵੱਖ ਨਮੂਨੇ, ਪਰ ਇਕ ਹੱਥ ਦੀ ਸਭ ਘੜਾਈ
ਦਿਲ-ਫਖਰਾ ਜਦ ਸਾਫ ਕਰੀਵੇ, ਫੇਰ ਅਕਲ ਦੇ ਰੰਦੇ
ਸਾਮਰਤੱਖ ਸਚਾਈ ਦਿੱਸੇ, ਕੁਦਰਤ ਦੇ ਸਭ ਬੰਦੇ

ਧਨ ਹੈ ਇਕ ਚਲਦਾ ਪਰਛਾਵਾਂ, ਇਕ ਥਾਂ ਦਾ ਕਦੀ ਨਾ ਰਹਿੰਦਾ
ਜਿਉਂ ਪੰਛੀ ਇਕ ਟਹਿਣੀਓਂ ਉਡ ਕੇ, ਦੂਜੀ ਤੇ ਜਾ ਬਹਿੰਦਾ
ਹੁਸਨ-ਜੁਆਨੀ ਵਗਦਾ ਪਾਣੀ, ਫਿਰ ਵਾਪਸ ਨਹੀਂ ਵਹਿੰਦਾ
ਜੀਵਨ ਸਾਰਾ ਰੇਤ-ਘਰੋਂਦਾ, ਅੱਖ-ਫੋਰ ਵਿਚ ਢਹਿੰਦਾ
ਪਾਟੀ ਜਦ ਕਾਇਆ ਦੀ ਚਾਦਰ, ਕਿਸੇ ਨਾ ਪਾਟੀ ਅੰਦੇ
ਛਡ ਦੇ ਗਰਬ-ਗੁਮਾਨ ਸਮਝ ਲਏ, ਕੁਦਰਤ ਦੇ ਸਭ ਬੰਦੇ

ਨਾ ਰਬ ਵਸਦਾ ਠਾਕੁਰ-ਦੁਆਰੀਂ, ਨਾ ਰਬ ਵਿਚ ਮਸੀਤਾਂ
ਨਾ ਉਹ ਰੀਝੇ ਰੂਪ-ਰੰਗ ਤੇ, ਨਾ ਰਸਮਾਂ, ਨਾ ਰੀਤਾਂ
ਉੱਚੀ ਕੁਲ ਦੀ ਦਾਲ ਨਾ ਗਲਦੀ, ਜਿੱਤਣ ਸਚੀਆਂ ਪ੍ਰੀਤਾਂ
ਰਬ ਉਨ੍ਹਾਂ ਦੀ ਬੁਕਲੀਂ ਵਸਦਾ, ਸਾਫ ਜਿਨ੍ਹਾਂ ਦੀਆਂ ਨੀਤਾਂ
ਕੇਹੜੇ ਤਪ ਕੀਤੇ ਸਨ ਸਦਨੇ, ਕੇਹੜੇ ਨਾਈ ਨੰਦੇ
ਕੁਦਰਤ ਦੀ ਹੈ ਮਾਇਆ ਸਾਰੀ, ਕੁਦਰਤ ਦੇ ਸਭ ਬੰਦੇ

ਨੀਵੀਂ ਟਹਿਣੀ ਨੂੰ ਫਲ ਲਗਦਾ, ਉੱਚੀ ਰਹੇ ਕੁਆਰੀ
ਛੱਡ ਪਦਾਰਥ, ਸਾਗ ਬਿਦਰ ਦਾ ਖਾਧਾ ਕ੍ਰਿਸ਼ਨ ਮੁਰਾਰੀ
ਖਾ ਕੇ ਜੂਠੇ ਬੇਰ ਰਾਮ ਨੇ, ਨੀਚ ਭੀਲਣੀ ਤਾਰੀ
ਪੂੜੇ ਨਾਲੋਂ ਮਿੱਸੀ ਰੋਟੀ, ਗੁਰੂ ਨਾਨਕ ਨੂੰ ਪਿਆਰੀ
ਜਾਤ ਕਿਸੇ ਨਾ ਪੁਛਣੀ, ਹੋਣੇ ਲੇਖੇ ਅਮਲਾਂ-ਸੰਦੇ
ਕਾਦਰ ਦੀ ਹੈ ਕੁਦਰਤ ਸਾਰੀ, ਕੁਦਰਤ ਦੇ ਸਭ ਬੰਦੇ

ਰੰਗ-ਬਰੰਗੇ ਫੁੱਲਾਂ ਵਾਲੀ, ਦੁਨੀਆਂ ਪਿਰੀ-ਕਿਆਰੀ
ਕਿਸ ਨੂੰ ਕਹੀਏ ਚੰਗਾ-ਮੰਦਾ, ਸਭ ਨੇ ਮਹਿਕ ਖਿਲਾਰੀ
ਪਾਣੀ ਇਕ, ਪਰ ਕਿਨੀਆਂ ਲਹਿਰਾਂ, ਉੱਠਣ ਵਾਰੋ ਵਾਰੀ
ਇਕ ਪਿਤਾ ਦੇ ਪੁੱਤਰ ਸਾਰੇ, ਸੂਰਤ ਨਿਆਰੀ-ਨਿਆਰੀ
"ਏਕ ਨੂਰ ਤੇ ਸਭ ਜਗ ਉਪਜਿਆ, ਕੌਣ ਭਲੇ ਕੋ ਮੰਦੇ"
ਕੁਦਰਤ ਸਭ ਨੂੰ [illegible] ਚਾਰੀ, ਕੁਦਰਤ ਦੇ ਸਭ ਬੰਦੇ

ਭੇਦ-ਭਾਵ ਦੀ ਪੱਟੀ ਲਾਹ ਕੇ, ਜੇ ਕੋਈ ਨਜ਼ਰ ਦੁੜਾਵੇ
"ਸਭ ਘਟ ਅੰਤਰ ਪਸਰਿ ਪ੍ਰੀਤਮ" ਹਰ ਵਿਚ ਹਰੀ ਸਮਾਵੇ
ਉਹ ਬਿਜਲੀ ਦੀ ਜਿਉਂ ਇਕ-ਸਾਰ [illegible] ਲੋਅ ਜਗਾਵੇ
ਊਚ-ਨੀਚ ਤੇ ਜਾਤ-ਜਨਮ ਦਾ ਭੇਦ ਨਾ ਓਸ ਨੂੰ ਭਾਵੇ
[illegible] ਲਾਹੇ-ਵੰਦੇ
ਸਭ ਨੂੰ ਗਲੇ ਲਗਾ ਲਏ, ਜਿਉਂ ਕਿ ਕੁਦਰਤ ਦੇ ਸਭ ਬੰਦੇ

ਵਰਿਆਮ



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones : Office : 529033
Factory : 501973
Resi. : 505454

## BALWANT SINGH & SONS

Office : 4E/11 JHANDEWALA EXTN. NEW DELHI-110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

ਸਮਕਾਲੀ ਪਰਚਿਆਂ ਚੋਂ

# ਸਮਾਂ ਵਿਚਾਰਨ ਦੀ ਲੋੜ

ਕਲਕੱਤੇ ਦੇ ਰੋਜ਼ਾਨਾ ਸਿੱਖ ਅਖਬਾਰ ਦੇਸ਼-ਦਰਪਣ ਨੇ "ਸਮਾਂ ਵਿਚਾਰਨ ਦੀ ਲੋੜ" ਦੇ ਸਿਰਲੇਖ ਹੇਠ ਇਕ ਅਹਿਮ ਮੁਖ ਲੇਖ ਪ੍ਰਕਾਸ਼ਤ ਕੀਤਾ ਹੈ। ਇਸ ਵਿਚ ਆਖਿਆ ਗਿਆ ਹੈ।

ਇੰਦਰਾ ਗਾਂਧੀ ਦੇ ਕਤਲ ਉਪਰੰਤ ਜੋ ਫਿਰਕੂ ਅੱਗ ਸਿੱਖਾਂ ਵਿਰੁਧ ਰਾਜਧਾਨੀ ਦਿੱਲੀ ਤੇ ਭਾਰਤ ਦੇ ਹੋਰ ਕਈ ਭਾਗਾਂ ਵਿਚ ਭੜਕੀ ਉਸ ਨਾਲ ਹਰ ਸਿੱਖ ਚਿੰਤਾਤੁਰ ਹੋਇਆ ਹੈ ਕਿ ਕੀ ਇਸ ਦੇਸ਼ ਵਿਚ ਅਸੀਂ ਕਿਤੇ ਸੁਰਖਿਅਤ ਵੀ ਹਾਂ ?

ਕਲਕੱਤੇ ਦੇ ਪੰਜਾਬੀ ਖਾਸ ਕਰਕੇ ਇਸਤਰੀਆਂ ਘਬਰਾਈਆਂ ਘਬਰਾਈਆਂ ਹਨ। ਘਬਰਾਹਟ ਜਾਇਜ਼ ਵੀ ਹੈ ਕਿਉਂਕਿ ਦੇਸ਼ ਦੇ ਦੂਜੇ ਰਾਜਾਂ ਵਿਚ ਇਸਤਰੀਆਂ ਬੱਚੀਆਂ ਦੀ ਬੇਪਤੀ ਪੁਲੀਸ ਸਾਮ੍ਹਣੇ ਹੋਈ ਹੈ, ਪਰ ਅਜੇਹੀਆਂ ਵਾਰਦਾਤਾਂ ਵਾਰ ਵਾਰ ਹੋਣੀਆਂ ਮੁਸ਼ਕਲ ਹਨ। ਇਸ ਲਈ ਐਪਰ ਸਭ ਨੂੰ ਤਿਆਰ ਰਹਿਣ ਦੀ ਜ਼ਰੂਰੀ ਲੋੜ ਹੈ। ਸਾਵਧਾਨੀ ਵਰਤਣ ਦੀ ਲੋੜ ਹੈ। ਸਿੱਖਾਂ ਪ੍ਰਤੀ ਨਫਰਤ ਦੇ ਕਾਰਨ ਕੀ ਹਨ ਉਹਨਾਂ ਨੂੰ ਢੂੰਡਣ ਦੀ ਲੋੜ ਹੈ। ਸਭ ਤੋਂ ਮੁਖ ਕਾਰਨ ਸਾਡੇ ਧਾਰਮਿਕ ਅਸਥਾਨਾਂ ਤੋਂ ਧਾਰਮਿਕ ਜਥੇਬੰਦੀਆਂ ਵਲੋਂ ਜੋ ਪ੍ਰਚਾਰ ਕੀਤਾ ਜਾਂਦਾ ਹੈ ਉਸ ਤੇ ਕੁਝ ਪਾਬੰਦੀਆਂ ਸਾਡੇ ਵਲੋਂ ਹੀ ਲਗਾਉਣ ਦੀ ਲੋੜ ਹੈ। ਧਾਰਮਿਕ ਸਟੇਜਾਂ ਤੋਂ ਕਿਸੇ ਜਾਤੀ ਵਿਅਕਤੀ ਜਾਂ ਧਰਮ ਵਿਰੁਧ ਪ੍ਰਚਾਰ ਨਹੀਂ ਹੋਣਾ ਚਾਹੀਦਾ। ਇਸ ਨਾਲ ਸਿੱਖ ਸਰੋਤੇ ਤਾਂ ਵਾਹ ਵਾਹ ਕਰਦੇ ਹਨ ਪ੍ਰਚਾਰਕ ਦੀ ਚੌਧਰ ਤਾਂ ਚਮਕਦੀ ਹੈ ਐਪਰ ਕੌਮ ਦੇ ਬੱਚਿਆਂ 'ਚ ਵੱਟੇ ਪੈਂਦੇ ਹਨ। ਜਦ ਤਕ ਸਾਡੀਆਂ ਸਟੇਜਾਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਸਰਬ ਸਾਂਝੀ ਬਾਣੀ ਦਾ ਪ੍ਰਚਾਰ ਹੁੰਦਾ ਸੀ, ਦੇਸ਼ ਦੀ ਆਜ਼ਾਦੀ ਤੇ ਇਸਤਰੀਆਂ ਧੀਆਂ ਭੈਣਾਂ ਦੀ ਪਤ ਰਖਣ ਲਈ ਕੀਤੀਆਂ ਕੁਰਬਾਨੀਆਂ ਦਾ ਜ਼ਿਕਰ ਹੁੰਦਾ ਸੀ ਸਾਰੇ ਦੇਸ਼ ਵਾਸੀ ਸਿੱਖਾਂ ਨੂੰ ਸਿਰਾਂ ਤੇ ਚੁਕਦੇ ਸਨ। ਅਸੀਂ ਸਾਰਿਆਂ ਦੇ ਸਰਦਾਰ ਸਾਂ। ਅਖੌਤੀ ਨਹੀਂ, ਲੋਕ ਸਰਦਾਰ ਜੀ ਕਹਿਕੇ ਸਨਮਾਨ ਦਿੰਦੇ ਸਨ। ਜਦ ਸਾਡੇ ਧਾਰਮਿਕ ਪ੍ਰਚਾਰਕ ਗੁਰੂ ਸਾਹਿਬ ਦੇ ਪ੍ਰਚਾਰ ਨੂੰ ਭੁਲ ਗਏ ਉਹਨਾਂ ਦੇ ਮੂੰਹਾਂ ਵਿਚੋਂ ਬਾਣੀ ਦੀ ਥਾਂ ਅੰਗਿਆਰ ਵਰ੍ਹਨ ਲਗੇ। ਕੁਦਰਤ ਕੇ ਸਭਿ ਬੰਦੇ ਦੀ ਥਾਂ ਦੂਜਿਆਂ ਨੂੰ ਖਤਮ ਕਰ ਦੇਣ ਦੀਆਂ ਗੱਲਾਂ ਸ਼ੁਰੂਆਤ ਹੋਈਆਂ ਤਾਂ ਸਿੱਖਾਂ ਪ੍ਰਤੀ ਨਫਰਤ ਦਾ ਬੀਜ ਲੋਕਾਂ ਦੇ ਦਿਲਾਂ ਵਿਚ ਬੀਜਿਆ ਗਿਆ। ਉਹਨਾਂ ਨੂੰ ਅਨੁਭਵ ਕਰਵਾ ਦਿਤਾ ਗਿਆ ਕਿ ਸਿੱਖ ਹਿੰਦੁਸਤਾਨੀ ਨਹੀਂ ਹਨ ਇਹ ਇਸਦੀ ਮੂਲ ਧਾਰਾ ਤੋਂ ਵਖ ਹਨ। ਇਹ ਹਤਿਆਰੇ ਜਾਂ ਕਾਤਲ ਹਨ। ਇਸ ਬਾਰੇ ਪ੍ਰੈਸ ਨੇ ਬਹੁਤ ਜ਼ਹਿਰ ਉਗਲਿਆ ਇਹ ਮੰਨਦੇ ਹਾਂ ਪਰ ਇਸ ਵਿਚ ਬਹੁਤ ਸਾਰੀਆਂ ਗੱਲਾਂ ਸੱਚ ਹਨ। ਉਹਨਾਂ ਤੋਂ ਅਸੀਂ ਮੁਨਕਰ ਨਹੀਂ ਸਕਦੇ।

ਹੁਣ ਜੋ ਕੁਝ ਸਿੱਖਾਂ ਨਾਲ ਹੋਇਆ ਇਸ ਤਰ੍ਹਾਂ ਦਾ ਜ਼ੁਲਮ ਪਹਿਲਾਂ ਕਦੇ ਸਾਡੇ ਨਾਲ ਬੜੀ ਘੱਟ ਵਾਰ ਹੋਇਆ ਹੈ। ਹੁਣ ਇਸ ਦਾ ਇਲਾਜ ਕੀ ਹੈ ? ਪੰਜਾਬ ਸਮੇਤ ਵਿਚ ਸਾਡੀ ਕੋਈ ਬੱਚਤ ਨਹੀਂ, ਸਾਡੀ ਬੱਚਤ ਲੋਕਾਂ ਵਿਚ ਸਾਡੇ ਵਿਰੁਧ ਫੈਲਾਈ ਜ਼ਹਿਰ ਨੂੰ ਦੂਰ ਕਰਨ ਵਿਚ ਹੈ। ਉਨ੍ਹਾਂ ਨੂੰ ਦੱਸਣ ਦੀ ਲੋੜ ਹੈ ਕਿ ਸਾਰੇ ਸਿੱਖ ਮਾੜੇ ਨਹੀਂ, ਸਾਰੇ ਸਿੱਖ ਕਾਤਲ ਨਹੀਂ, ਸਾਰੇ ਸਿੱਖ ਵੱਖਵਾਦੀ ਨਹੀਂ। ਜਿਨ੍ਹਾਂ ਸਿੱਖਾਂ ਦੇ ਘਰ-ਘਾਟ ਲੁਟੇ ਗਏ, ਧੀਆਂ ਭੈਣਾਂ ਦੀ ਬੇਇੱਜ਼ਤੀ ਹੋਈ ਉਨ੍ਹਾਂ ਦਾ ਕੋਈ ਟਿਕਾਣਾ ਨਹੀਂ ਰਿਹਾ। ਘਰ ਦੇ ਸਾਈਂ ਮਾਰੇ ਗਏ, ਜਵਾਨ ਪੁੱਤ ਮਾਰੇ ਗਏ ਉਨ੍ਹਾਂ ਨੂੰ ਉਕਸਾਉਣ ਵਾਲੇ ਨੇਤਾ ਉਨ੍ਹਾਂ ਨਾਲ ਆਕੇ ਖੜ੍ਹੇ ? ਉਹ ਤਾਂ ਸਟੇਜਾਂ ਤੇ ਬਿਆਨ ਦੇਕੇ ਤੁਰਦੇ ਲੱਗੇ। ਉਨ੍ਹਾਂ ਦੀਆਂ ਜੇਬਾਂ ਭਰ ਗਈਆਂ ਉਹ ਦੂਜੀ ਥਾਂ ਜਾਕੇ ਦੂਜਾ ਲਿਬਾਸ ਪਾਕੇ ਫਿਰ ਦੁੱਧ ਧੋਤੇ ਬਣ ਜਾਣਗੇ, ਪਰ ਸਿੱਖਾਂ ਦਾ ਤਾਂ ਰਿਹਾ ਕੁਝ ਨਹੀਂ। ਪਹਿਲਾਂ ਅਕਾਲ-ਤਖਤ ਹਰਿਮੰਦਰ ਸਾਹਿਬ ਤੇ ਸੈਨਿਕ ਕਾਰਵਾਈ ਹੁਣ ਸਿੱਖਾਂ ਦਾ ਕਤਲੇਆਮ, ਇਸ ਨੇ ਸਿੱਖਾਂ ਨੂੰ ਕਾਸੇ ਜੋਗਾ ਨਹੀਂ ਛਡਿਆ।

ਇਨ੍ਹਾਂ ਨੇਤਾਵਾਂ ਨੂੰ ਕਿਸੇ ਦੀ ਪੁਛਣ ਦੀ ਹਿੰਮਤ ਹੈ ? ਅਜੇ ਵੀ ਉਹੀ ਬਿਆਨਬਾਜ਼ੀ ਹੋ ਰਹੀ ਹੈ ਜੋ ਘਾਤਕ ਹੈ। ਇਸ ਲਈ ਜਦ ਤਕ ਸੋਚ-ਸਮਝ ਤੇ ਦੂਰ-ਅੰਦੇਸ਼ੀ ਤੋਂ ਸਾਡੀ ਲੀਡਰਸ਼ਿਪ ਕੰਮ ਨਹੀਂ ਲੈਂਦੀ ਤੇ ਸਿੱਖ ਸੰਗਤ ਇਨ੍ਹਾਂ ਦੀਆਂ ਗਲਤ ਨੀਤੀਆਂ ਦਾ ਵਿਰੋਧ ਨਹੀਂ ਕਰਦੀ ਏਹੋ ਹਾਲਤ ਰਹੇਗੀ। ਅੰਦਰੋ ਅੰਦਰ ਸਾਰੇ ਕੁੱਜਦੇ ਹਨ। ਬੋਲਣ ਵਾਲਾ ਕੋਈ ਨਹੀਂ। 'ਜਿਹੜਾ ਬੋਲੇ ਉਹੀ ਕੁੰਡਾ ਖੋਲ੍ਹੇ' ਵਾਲੀ ਗੱਲ ਹੈ। ਇਸ ਲਈ ਘਬਰਾਉਣ ਦੀ ਲੋੜ ਨਹੀਂ ਕਿਸੇ ਤਾਂ ਨੱਸਣ ਦੀ ਲੋੜ ਨਹੀਂ, ਆਪਣੇ ਆਪ ਨੂੰ ਮਜ਼ਬੂਤ ਕਰਨ ਦੀ ਲੋੜ ਹੈ

×



Sri Satguru Jagjit Singh Ji eLibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

AMBER FOODS

Amber pet HYDERABAD

(A.P.)



Sri Satguru Jagjit Singh Ji eLibrary NamdhariElibrary@gmail.com

# ਗੋਰਿਆਂ ਦੇ ਦੇਸ਼ ਵਿਚ (4)

— ਜਗਦੀਸ਼ ਸਿੰਘ

ਸੰਪਾਦਕ ਵਰਿਆਮ ਦੀ ਬਰਤਾਨੀਆ ਯਾਤਰਾ ਦੀ ਇਹ ਚੌਥੀ ਕਿਸ਼ਤ ਹੈ। ਪਿਛਲੇ ਲੇਖ ਵਿਚ ਵਿੰਡਸਰ ਸਫ਼ਾਰੀ ਪਾਰਕ ਦੀ ਯਾਤਰਾ ਸੀ। ਇਸ ਕਿਸ਼ਤ ਵਿਚ ਪਾਠਕ ਸਾਊਥਾਲ ਅਤੇ ਝੀਲਾਂ ਦੇ ਇਲਾਕੇ ਦੀ ਯਾਤਰਾ ਦਾ ਹਾਲ ਪੜ੍ਹਨਗੇ।



ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

**ਸਾਊਥਾਲ** :—ਸਾਊਥਾਲ ਲੰਡਨ ਦਾ ਇਕ ਬਾਹਰੀ ਇਲਾਕਾ ਹੈ ਜਿਥੇ ਪੰਜਾਬੀਆਂ ਦੀ ਘਣੀ ਵਸੋਂ ਹੈ। ਬਾਜ਼ਾਰਾਂ ਦੇ ਬਾਜ਼ਾਰ ਅਤੇ ਮਹੱਲਿਆਂ ਦੇ ਮਹੱਲੇ ਪੰਜਾਬੀਆਂ ਦੇ ਹਨ। ਹਿੰਦੂ ਸਿਖ ਤੇ ਮੁਸਲਮਾਨ ਪੰਜਾਬੀ। ਭਾਰਤ ਪਾਕਿਸਤਾਨ ਅਤੇ ਅਫਰੀਕਾ ਦੇਸ਼ਾਂ ਵਿਚੋਂ ਆਏ ਪੰਜਾਬੀ ਵੱਡੀ ਗਿਣਤੀ ਵਿਚ ਏਥੇ ਹਨ। ਏਥੇ ਫਿਰਦਿਆਂ ਇਵੇਂ ਲਗਦਾ ਹੈ ਜਿਵੇਂ ਦਿਲੀ ਦੇ ਕਰੋਲ ਬਾਗ ਵਿਚ ਘੁੰਮ ਰਹੇ ਹੋਈਏ। ਮਕਾਨਾਂ ਗਲੀਆਂ ਸੜਕਾਂ ਬਾਜ਼ਾਰਾਂ ਦੀ ਤਰਤੀਬ ਤਾਂ ਇੰਗਲਸਤਾਨੀ ਹੋਣੀ ਹੀ ਹੈ। ਪਰ ਵਿਚ ਵਸਦੇ ਬੰਦੇ ਤਾਂ ਪੰਜਾਬੀ ਹੀ ਹਨ। ਇਥੇ ਮੰਦਿਰ ਗੁਰਦੁਆਰੇ ਵੀ ਹਨ। ਸੰਦੇਸ਼ ਅਤੇ ਦੇਸ ਪ੍ਰਦੇਸ ਦੋ ਪੰਜਾਬੀ ਹਫਤਾਵਾਰੀ ਅਖਬਾਰ ਵੀ ਇਥੋਂ ਨਿਕਲਦੇ ਹਨ। ਬਾਜ਼ਾਰ ਵਿਚ ਪੰਜਾਬੀ ਜਲੇਬੀਆਂ ਤੋਂ ਲੈ ਕੇ ਗੋਲਗੱਪਿਆਂ ਤਕ ਦੀਆਂ ਦੁਕਾਨਾਂ ਲਗ ਜਾਂਦੀਆਂ। ਇਥੋਂ ਤਕ ਕਿ ਇਕ ਕੈਮਿਸਟ ਦੀ ਦੁਕਾਨ ਦੇ ਬਾਹਰ ਗੁਰਮੁਖੀ ਵਿਚ ਲਿਖਿਆ ਹੋਇਆ ਸੀ। 'ਦਵਾਈਆਂ ਦੀ ਦੁਕਾਨ'

ਪੰਜਾਬੀ ਪਗੜੀਆਂ ਅਤੇ ਸਲਵਾਰਾਂ ਕਮੀਜ਼ਾਂ ਬਾਜ਼ਾਰਾਂ ਵਿਚ ਆਮ ਵੇਖਣ ਨੂੰ ਮਿਲਣਗੀਆਂ। ਬਹੁਤ ਸਾਰੇ ਪੰਜਾਬੀ ਲੇਖਕ ਕਲਾਕਾਰ, ਮਜ਼ਦੂਰ ਵਪਾਰੀ ਡਾਕਟਰ ਇੰਜੀਨੀਅਰ ਇਸੇ ਇਲਾਕੇ ਵਿਚ ਰਹਿੰਦੇ ਹਨ। ਇਸ ਸਾਊਥਾਲ ਦੇ ਇਲਾਕੇ ਅਤੇ ਇਸ ਦੇ ਆਲੇ ਦੁਆਲੇ ਨਾਮਧਾਰੀ ਵੀ ਗਿਣਨਯੋਗ ਤਾਦਾਦ ਵਿਚ ਰਹਿੰਦੇ ਹਨ। ਪਰ ਅਜੇ ਉਹਨਾਂ ਕੋਲ ਇਲਾਕੇ ਵਿਚ ਕੋਈ ਅਜਿਹਾ ਥਾਂ ਨਹੀਂ ਜਿਥੇ ਉਹ ਆਪਣੇ ਵੱਡੇ ਦੀਵਾਨ ਕਰ ਸਕਣ। ਆਪਣੇ ਹਫਤਾਵਾਰੀ ਨਿਤਨੇਮ ਜਾਂ ਦੀਵਾਨਾਂ ਵਾਸਤੇ ਉਹ ਘਰੀਂ ਘਰੀ ਪਰਬੰਧ ਕਰਦੇ ਹਨ। ਪਰ ਸਨਿਚਰਵਾਰ ਨੂੰ ਨਾਮਸਿਮਰਨ ਅਤੇ ਕੀਰਤਨ ਵਾਸਤੇ ਉਹ ਇਕ ਚਰਚ ਵਿਚ



Sri Satguru Jagjit Singh Ji eLibrary NamdhariElibrary@gmail.com

ਵਿਕਦੇ ਹੁੰਦੇ ਹਨ। ਅਤੇ ਵੱਡੇ ਦੀਵਾਨ ਵੀ ਇਥੇ ਹੀ ਲਗਦੇ ਹਨ। ਇਸੇ ਹਾਲ ਵਿਚ ਹੀ ਅਸੀਂ ਸਵਾਰੀ ਮਾਰਚ ਤੋਂ ਬਸ ਰਾਹੀਂ ਪੁਜੇ ਸਾਂ।

## ਸੇਂਟ ਜਾਰਜਿਸ ਚਰਚ

ਸੇਂਟ ਜਾਰਜਿਸ ਚਰਚ ਜਦੋਂ ਅਸੀਂ ਬਸ ਰਾਹੀਂ ਪੁਜੇ ਤਾਂ ਅਜੇ ਪ੍ਰਬੰਧਕ ਹੀ ਆਏ ਸਨ ਅਤੇ ਦੀਵਾਨ ਦੀ ਤਿਆਰੀ ਹੋ ਰਹੀ ਸੀ। ਚਰਚ ਦਾ ਹਾਲ ਬਹੁਤ ਵੱਡਾ ਸੀ। ਈਸਾਈ ਮੱਤ ਵਾਲੇ ਤਾਂ ਇਸ ਨੂੰ ਹਫਤੇ 'ਚ ਇਕ ਵਾਰ ਪ੍ਰਾਰਥਨਾ ਵੇਲੇ ਹੀ ਵਰਤਦੇ ਹਨ। ਨਾਮਧਾਰੀ ਸੰਗਤ ਵੀ ਆਪਣੇ ਹਫਤਾਵਾਰੀ ਸਤਿਸੰਗ ਅਤੇ ਨਾਮ ਸਿਮਰਨ ਏਥੇ ਹੀ ਕਰਦੀ ਹੈ। ਚਰਚ ਦਾ ਬਹੁਤ ਵਡਾ ਹਾਲ ਹੈ। ਈਸਾਈ ਸੰਗਤਾਂ ਤਾਂ ਲਕੜ ਦੇ ਬੈਂਚਾਂ ਉਪਰ ਬੈਠ ਕੇ ਸਮਾਗਮ ਕਰਦੀਆਂ ਹਨ ਪਰ ਅਜ ਦੇ ਸਮਾਗਮ ਵਾਸਤੇ ਉਹਨਾਂ ਬੈਂਚਾਂ ਨੂੰ ਪਰੇ ਕਰ ਦਿਤਾ ਗਿਆ ਸੀ ਅਤੇ ਉਹਨਾਂ ਤੇ ਸੋਹਣੀ ਸੋਹਣੀ ਸਫੈਦ ਵਛਾਈ ਹੋ ਰਹੀ ਸੀ। ਲਕੜ ਦਾ ਹੀ ਸਾਰਾ ਫਰਸ਼ ਸੀ। ਸਿਰੇ ਵਾਲੇ ਪਾਸੇ ਉਚੀ ਥਾਂ ਸੀ ਜਿਧਰ ਸਟੇਜ ਸੀ। ਅਤੇ ਇਧਰ ਹੀ ਉਪਰ ਵਲ ਈਸਾਈ ਮਤ ਨਾਲ ਸਬੰਧਤ ਬਹੁਤ ਸ਼ਾਨਦਾਰ ਤਸਵੀਰਾਂ ਸਥਾਪਤ ਕੀਤੀਆਂ ਹੋਈਆਂ ਸਨ। ਨਾਮਧਾਰੀ ਦੀਵਾਨਾਂ ਦੇ ਰਵਾਇਤੀ ਢੰਗਾਂ ਅਨੁਸਾਰ ਦੋ ਸਟੇਜਾਂ ਆਹਮੋ ਸਾਹਮਣੇ ਬਣੀਆਂ ਸਨ ਇਕ ਸਤਿਗੁਰੂ ਜੀ ਵਾਸਤੇ ਇਕ ਰਾਗੀਆਂ ਅਤੇ ਪ੍ਰਚਾਰਕਾਂ ਵਾਸਤੇ। ਬਸ ਵਾਲੀਆਂ ਸੰਗਤਾਂ ਨੂੰ ਫਿਲਹਾਲ ਇਥੇ ਹੀ ਠਹਿਰਾ ਲਿਆ ਗਿਆ ਸੀ ਪ੍ਰੋਗਰਾਮ ਤੋਂ ਬਾਅਦ ਉਹਨਾਂ ਨੂੰ ਘਰਾਂ ਵਿਚ ਡੇਰੇ ਮਿਲਣੇ ਸਨ। ਸਾਰਾ ਗਿਰਜਾ ਘਰ ਥਾਂਓ ਥਾਈਂ ਲਗੀਆਂ ਬਤੀਆਂ ਸੁੰਦਰ ਰੁਸ਼ਨਾਈ ਅਤੇ ਸਜਾਵਟ ਕਾਰਨ ਜਗਮਗ ਜਗਮਗ ਕਰ ਰਿਹਾ ਸੀ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ੬ ਵਜੇ ਨਾਮ ਸਿਮਰਨ ਦਾ ਅਰਦਾਸਾ ਕਰ ਦਿਤਾ ਗਿਆ ਅਤੇ ਸੰਗਤਾਂ ਪਥੱਲ ਚੌਕੜੀ ਮਾਰ ਕੇ ਭਜਨ ਦਾ ਜਾਪ ਕਰਨ ਲਗੀਆਂ।

ਹਾਲ ਵਿਚ ਠੰਢ ਲਗ ਰਹੀ ਸੀ। ਸ: ਕੁਲਦੀਪ ਸਿੰਘ ਚਾਨਾ ਅਤੇ ਹੋਰ ਸਿੰਘ ਲੰਮੀਆਂ ਲੰਮੀਆਂ ਸੋਟੀਆਂ ਜਿਹੀਆਂ ਲੈ ਆਏ ਅਤੇ ਉਹਨਾਂ ਨੇ ਉਪਰ ਸਾਰੇ ਹਾਲ ਵਿਚ ਲਗੇ ਅਨੇਕਾਂ ਹੀ ਗੈਸ ਹੀਟਰਾਂ ਨੂੰ ਅੱਗ ਛੁਹਾ ਦਿਤੀ ਅਤੇ ਉਹਨਾਂ ਹੀਟਰਾਂ ਨੇ ਗਰਮੀ ਦੀਆਂ ਕਿਰਨਾਂ ਸੁੱਟ ਸੁੱਟ ਕੇ ਨਿੱਘ ਬਣਾ ਦਿਤਾ। ਇਹਨਾਂ ਹੀਟਰਾਂ ਕਾਰਨ ਸਗੋਂ ਏਨੀ ਗਰਮੀ ਜ਼ਿਆਦਾ ਹੋਈ ਕਿ ਕੁਝ ਬੰਦ ਵੀ ਕਰਨੇ ਪਏ।

ਨਾਮਸਿਮਰਨ ਵਿਚ ਬੈਠਿਆਂ ਸਚ ਜਾਣੋਂ ਮੇਰਾ ਮਨ ਹੋਰ ਹੀ ਸੋਚਾਂ ਸੋਚ ਰਿਹਾ ਸੀ ਉਸ ਖਾਮੋਸ਼ੀ ਵਿਚ ਸਾਡੇ ਇੰਗਲਿਸਤਾਨ ਵਿਚ ਬਿਤਾਏ ਸਾਰੇ ਦਿਨ ਅਤੇ ਭਾਰਤ ਵਿਚਲੀਆਂ ਗਲਾਂ ਜ਼ਿਹਨ ਵਿਚ ਉਭਰੀਆਂ। ਜਿਸ ਦਿਨ ਦੇ ਅਸੀਂ ਆਏ ਸੀ ਬਹੁਤ ਕੁਝ ਖਾਧਾ ਪੀਤਾ ਫਿਰੇ ਤੁਰੇ ਸੁਖ ਮਾਣਿਆ ਸੀ ਪਰ ਕਈ ਸਾਨੂੰ ਵਲੈਤਵਾਸੀ ਦੋਸਤ ਸੱਜਣ ਕਹਿੰਦੇ ਹੁੰਦੇ ਹਨ ਕਿ ਤੁਸੀਂ ਬਾਹਰ ਕੀ ਕਰਨ ਜਾਂਦੇ ਹੋ ਤੁਹਾਡਾ ਤਾਂ ਜਾਣਾ ਫਜ਼ੂਲ ਹੈ। ਉਹਨਾਂ ਅਨੁਸਾਰ ਸ਼ਰਾਬ ਪੀਣ ਅਤੇ ਮਾਸ ਖਾਣ ਅਤੇ ਹੋਰ ਆਨੰਦ ਮਾਨਣ ਤੋਂ ਬਿਨਾਂ ਬਾਹਰ ਜਾਣ ਦਾ ਕੀ ਲਾਭ।

ਪਰ ਏਧਰ ਸਤਿਗੁਰੂ ਜੀ ਹਨ ਜੋ ਹਰ ਰੋਜ਼ ਗੁਰਬਾਣੀ ਕੀਰਤਨ ਦੇ ਅਭਿਆਸ ਤੋਂ ਇਲਾਵਾ ਹਰ ਰੋਜ਼ ਨਾਮ ਸਿਮਰਨ ਦਾ ਅਭਿਆਸ ਕਰਾਉਂਦੇ ਹਨ। ਵਲੈਤ ਵਿਚ ਆ ਕੇ ਤਾਂ ਹੋਰ ਹੋਰ ਬਹੁਤ ਸੁਖ ਹੁੰਦੇ ਹਨ। ਪਰ ਇਹ ਨਾਮ ਸਿਮਰਨ ਦੀ ਡਿਊਟੀ ਵਿਚ ਹੀ ਆ ਜਾਂਦੀ ਹੈ। ਮਨ ਕਿੰਨਾ ਚਿਰ ਇਹ ਗਲਾਂ ਸੋਚਦਾ ਰਿਹਾ ਏਸ ਵਿਚਾਰ ਵਿਚੋਂ ਗੁਰੂ ਦੀ ਹੀ ਵਿਲੱਖਣਤਾ ਰੂਪ ਮਾਨ ਹੋਈ। ਅਤੇ ਗੁਰੂ ਨਾਨਕ ਦੇਵ ਜੀ ਦਾ ਉਹ ਕਥਨ ਯਾਦ ਆਇਆ ਜਿਸ ਵਿਚ ਉਹਨਾਂ ਕਿਹਾ ਹੈ ਕਿ ਚੰਗੇ ਕਪੜੇ ਪਾਣ ਤੇ ਚੰਗੇ ਖਾਣੇ ਖਾਣ ਦਾ ਕੀ ਲਾਭ ਜੇ ਮਨ ਵਿਚ ਨਾਮ ਦਾ ਵਾਸ ਨਾ ਹੋਵੇ। ਮੇਵੇ, ਘਿਉ, ਗੁੜ, ਹੋਰ ਮਿਠੀਆਂ ਵਸਤਾਂ, ਮੈਦਾ ਅਤੇ ਮਾਸ ਖਾਣ ਦਾ ਕੀ ਗੁਣ? ਚੰਗੇ ਕਪੜੇ ਪਾਣ, ਆਰਾਮਦੇਹ ਸੇਜ ਤੇ ਸੌਣ ਅਤੇ ਭੋਗ ਵਿਲਾਸ ਦਾ ਕੀ ਲਾਭ? ਲਸ਼ਕਰਾਂ ਦਾ, ਮਾਤਹਤਾਂ ਦਾ, ਗੱਲੀਆਂ ਅਤੇ ਮਹਲਾਂ ਦਾ ਕੀ ਲਾਭ। ਨਾਨਕ ਸਚੇ ਨਾਮ ਬਿਨ ਇਹ ਸਾਰੇ ਸਾਮਾਨ ਨਾਸਵੰਤ ਹਨ।"

ਸਤਿਗੁਰੂ ਜੀ ਇਸ ਗਲ ਨੂੰ ਜਾਣਦੇ ਹਨ ਇਸੇ ਕਰਕੇ ਉਹ ਹਰ ਹੀਲੇ ਹਰ ਬਹਾਨੇ ਲੋਕਾਂ ਨੂੰ ਨਾਮ ਸਿਮਰਨ ਵਲ ਲਾਉਂਦੇ ਹਨ। ਮੈਨੂੰ ਵਿਚਾਰ ਆਇਆ ਕਿ ਏਡਾ ਪਰਉਪਕਾਰ ਸਤਿਗੁਰੂ ਹੀ ਕਰ ਸਕਦੇ ਹਨ। ਕਾਸ਼ ਉਸਦੀ ਸਾਨੂੰ ਲੋਕਾਂ ਨੂੰ ਲਖਤਾ ਹੋਵੇ। ਗੁਰੂ ਨਾਨਕ ਦੀ ਆਸਾ ਦੀ ਵਾਰ ਰੋਜ਼ ਪੜ੍ਹਦੇ ਹਾਂ ਪਰ ਜੇ ਉਸ ਦੇ ਭਾਵ ਨੂੰ ਨਹੀਂ ਸਮਝਦੇ।

"ਮੈਂ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ, ਜਿਸ ਦੇ ਮਿਲਣ ਨਾਲ ਮੈਂ ਆਪਣੇ ਮਾਲਿਕ ਨੂੰ ਯਾਦ ਕੀਤਾ ਹੈ। ਉਸ ਨੇ ਉਪਦੇਸ਼ ਦੇ ਕੇ ਮੈਨੂੰ ਗਿਆਨ ਦਾ ਸੁਰਮਾ ਦਿਤਾ। ਉਹ ਪਾ ਕੇ ਮੈਂ ਇਸ ਜਗਤ ਨੂੰ ਵੇਖਿਆ। ਜੋ ਜੀਵ ਮਾਲਕ ਨੂੰ ਛੱਡ ਕੇ ਦੂਜੇ ਪਾਸੇ ਲਗ ਗਏ, ਉਹ ਸੰਸਾਰ ਸਾਗਰ ਵਿਚ ਡੁੱਬ ਗਏ। ਕਿਸੇ ਵਿਰਲੇ ਨੂੰ ਇਹ ਸੋਝੀ ਹੋਈ ਕਿ ਸਤਿਗੁਰ



Sri Satguru Jagjit Singh Ji eLibrary NamdhariElibrary@gmail.com

ਇਸ ਸਾਗਰ ਤੋਂ ਪਾਰ ਕਰਨ ਲਈ ਜਹਾਜ਼ ਹੈ ਜੋ ਆਪਣੀ ਮਿਹਰ ਦੁਆਰਾ ਪਾਰ ਲੈ ਜਾਂਦਾ ਹੈ।"

(ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ)

ਜੇ ਗੁਰੂ ਨਾਨਕ ਆਪਣੇ ਸਤਿਗੁਰ ਤੋਂ ਇਸ ਕਰਕੇ ਬਲਿਹਾਰੀ ਜਾਂਦੇ ਹਨ ਕਿ ਉਸ ਦੇ ਮਿਲਣ ਨਾਲ ਖਸਮ (ਮਾਲਕ) ਯਾਦ ਆਉਂਦਾ ਹੈ ਤਾਂ ਅਸੀਂ ਕਿਉਂ ਨਾ ਉਸ ਸਤਿਗੁਰੂ ਤੋਂ ਘੋਲੀ ਜਾਈਏ ਜਿਹੜਾ ਰੋਜ਼ ਸਾਨੂੰ ਮਾਲਕ ਨਾਲ ਜੋੜਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜਸ਼ ਅਤੇ ਬਖਸ਼ਿਸ਼ ਯਾਦ ਕਰਕੇ ਮੇਰਾ ਮਨ ਪਸੀਜ ਗਿਆ।

ਚੇਤਾ ਆ ਰਿਹਾ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਇਸ ਤੋਂ ਪਹਿਲਾਂ ਮੈਂ ਭਾਈ ਜੋਧ ਸਿੰਘ ਵਲੋਂ "ਗੁਰੂ ਨਾਨਕ ਬਾਣੀ" ਅਨੁਵਾਦਤ ਫੋਲ ਰਿਹਾ ਸਾਂ।

"ਗੁਰੂ ਬਾਬੇ ਦੇ ਇਕ ਸਬਦ ਨੂੰ ਉਹਨਾਂ ਇਵੇਂ ਦਰਸਾਇਆ" ਹੈ।

ਹੇ ਨਾਨਕ ! ਗੁਰੂ ਸੰਤੋਖ ਦਾ ਦਰਖਤ ਹੈ, ਜਿਸ ਨੂੰ ਧਰਮ ਦਾ ਫੁੱਲ ਅਤੇ ਗਿਆਨ ਦਾ ਫਲ ਲਗਦਾ ਹੈ। ਇਹ ਫਲ ਸਦਾ ਹਰਿਆ ਅਤੇ ਭਰਿਆ ਰਹਿੰਦਾ ਹੈ। ਈਸ਼ਵਰ ਵਿਚ ਧਿਆਨ ਰਖਦਿਆਂ ਅਤੇ ਚੰਗੇ ਕੰਮ ਕਰਦਿਆਂ ਪਕਦਾ ਹੈ। ਇਸ ਨੂੰ ਖਾਣ ਵਾਲਾ ਪਰਮਾਤਮਾ ਦੇ ਸੰਜੋਗ ਦਾ ਰਸ ਮਾਣਦਾ ਹੈ। ਇਹ ਗੁਰੂ ਦੀ ਦਾਤ ਸਭ ਦਾਤਾਂ ਨਾਲੋਂ ਉੱਚੀ ਹੈ।

ਗੁਰੂ ਸੋਨੇ ਦਾ ਰੁੱਖ ਹੈ ਜਿਸ ਨੂੰ ਮੋਤੀਆਂ ਦੇ ਪੱਤਰ ਅਤੇ ਹੀਰੇ ਲਾਲਾਂ ਦੇ ਫੁੱਲ ਲਗੇ ਹੋਏ ਹਨ। ਜੋ ਉਸ ਦੇ ਮੂੰਹੋਂ ਬਚਨ ਨਿਕਲਦੇ ਹਨ ਉਹ ਇਸ ਦੇ ਫਲ ਰਤਨਾਂ ਵਾਂਗ ਹਨ। ਇਹ ਵਚਨ ਜਿਸਦੇ ਵਿਚ ਪਰਮਾਤਮਾ ਨੂੰ ਪ੍ਰਤੱਖ ਮਹਿਸੂਸ ਕਰਨ ਦਾ ਸਿੱਟਾ ਹਨ। ਜਦੋਂ ਪਰਮਾਤਮਾ ਦੀ ਮਿਹਰ ਹੋਵੇ ਅਤੇ ਮੱਥੇ ਦੇ ਭਾਗ ਚੰਗੇ ਹੋਣ ਤਾਂ ਪੁਰਸ਼ ਗੁਰੂ ਦੇ ਚਰਨ ਅਠਾਠ ਤੀਰਥਾਂ ਨਾਲੋਂ ਚੰਗੇਰੇ ਜਾਣ ਕੇ ਪੂਜਦਾ ਹੈ। ਹਿੰਸਾ, ਮੋਹ, ਲੋਭ ਅਤੇ ਕਰੋਧ ਜਾਣੋ ਕੀ ਅੱਗ ਦੀਆਂ ਨਦੀਆਂ ਹਨ। ਜੋ ਇਹਨਾਂ ਵਿਚ ਪੈ ਜਾਂਦੇ ਹਨ, ਉਹ ਸੜਦੇ ਹਨ। ਗੁਰੂ ਦੀ ਸ਼ਰਣ ਲੈ ਕੇ ਇਨ੍ਹਾਂ ਨੂੰ ਤਰ ਜਾਈਦਾ ਹੈ।"

ਸ਼ਾਮ ੭ ਵਜੇ ਨਾਮ-ਸਿਮਰਨ ਦੀ ਸਮਾਪਤੀ ਦੀ ਅਰਦਾਸ ਹੋਈ ਉਸ ਬਾਅਦ ਪੰਡਿਤ ਗੋਪਾਲ ਸਿੰਘ ਜੀ ਅਤੇ ਜਥੇਦਾਰ ਗਿਆਨ ਸਿੰਘ ਨੇ ਕ੍ਰਮਵਾਰ ਦੀਵਾਨ ਲਾਇਆ।

ਪੰਡਿਤ ਜੀ ਦੇ ਵਿਖਿਆਨ ਵਿਚ ਸਤਿਗੁਰੂ ਅਤੇ ਸਿੱਖਾਂ ਦੇ ਰਿਸ਼ਤੇ ਪ੍ਰੇਮ ਪਿਆਰ ਅਤੇ ਬਖਸ਼ਿਸ਼ ਦਾ ਜ਼ਿਕਰ ਸੀ। ਇਸ ਸਬੰਧ ਵਿਚ ਉਹਨਾਂ ਅਨੇਕਾਂ ਪ੍ਰਮਾਣ ਅਤੇ ਸਾਖੀਆਂ ਸੁਣਾਈਆਂ ਇਹਨਾਂ ਵਿਚੋਂ ਇਕ ਸੰਤ ਜੱਸਾ ਸਿੰਘ ਵਲੋਂ ਹੱਲਾ ਕਰਾਉਣ ਦੀ ਸਾਖੀ ਵੀ ਸੀ।

ਜਥੇਦਾਰ ਗਿਆਨ ਸਿੰਘ ਜੀ ਨੇ ਪੀਲੂ ਦੀ ਰੀਤ ਵਿਚ ਗੁਰੂ ਤੇਗ ਬਹਾਦਰ ਜੀ ਦਾ ਸ਼ਬਦ ਪੜ੍ਹਿਆ।

ਬਿਰਥਾ ਕਹਉ ਕਉਨ ਸਿਉ ਮਨ ਕੀ

ਆਪਣੇ ਵਿਖਿਆਨ ਵਿਚ ਉਹਨਾਂ ਧਰਮ, ਸਾਂਝੀਵਾਲਤਾ ਏਕਤਾ ਉੱਤੇ ਬਹੁਤ ਪ੍ਰਭਾਵਸ਼ਾਲੀ ਉਪਦੇਸ਼ ਕੀਤਾ। ਮਨ ਦੀ ਮੂਰਖਤਾ ਸਾਰੇ ਉਹਨਾਂ ਪੰਜਾਬੀ ਦੀ ਇਕ ਕਾਵਿ ਰਚਨਾ ਸੁਣਾਈ।

ਮਨ ਮੂਰਖ ਕਿਤਨਾ ਮੂਰਖ ਹੈ
ਨਾ ਗੁਣ ਵੇਖਦਾ ਨਾ ਗੁਨਾਹ ਵੇਖਦਾ
ਕਦੀ ਝੇੜਿਆਂ ਦੇ ਵਿਚ ਲੰਘਦਾ ਫਿਰੇ
ਕਦੀ ਰੂੜਾਂ ਉੱਤੇ ਥੁਕਦਾ ਫਿਰੇ
ਜਦੋਂ ਕਾਮ ਦਾ ਚੋਲਾ ਪਾ ਲੈਂਦਾ
ਨਾ ਧੀ ਵੇਖਦਾ ਨਾ ਕੁੜੀ ਵੇਖਦਾ

ਕਦੇ ਕੌਡੀ ਕੌਡੀ ਜੋੜਦਾ ਏ
ਘਰ ਆਏ ਫ਼ਕੀਰ ਨੂੰ ਮੋੜਦਾ ਏ
ਜਦੋਂ ਹੀਰਾ ਜਨਮ ਲੁਟਾਉਣ ਲਗੇ
ਨਾ ਭਾਗ ਵੇਖਦਾ-ਨਾ ਕੁਭਾਗ ਵੇਖਦਾ

ਇਸੇ ਪਰਸੰਗ ਵਿਚ ਹੀ ਉਹਨਾਂ ਹੋਰ ਗੀਤ ਰਚਿਆ।

ਇਸ ਮੂਰਖ ਮਨ ਨੂੰ ਦਸੋ ਖਾਂ
ਸਮਝਾਉਣਾ ਕਿਹੜਾ ਸੌਖਾ ਏ
ਏ ਅੜੀਆਂ ਖੋਰਾਂ ਹੱਸ ਪੈਂਦਾ
ਮਨਾਉਣਾ ਕਿਹੜਾ ਸੌਖਾ ਏ



Sri Satguru Jagjit Singh Ji eLibrary NamdhariElibrary@gmail.com

## ਲੰਗਰ

ਸੇਂਟ ਜਾਰਜਿਸ ਚਰਚ ਦੇ ਐਨ ਸਾਹਮਣੇ ਸੜਕ ਦੇ ਪਾਰ ਇਕ ਹੋਰ ਹਾਲ ਸੀ ਜਿਹੜਾ ਕਿ ਖੇਡਾਂ ਵਾਸਤੇ ਬਣਿਆ ਸੀ। ਇਸ ਦਾ ਫਰਸ਼ ਵੀ ਲਕੜਾਂ ਦਾ ਸੀ। ਇਹ ਹਾਲ ਵੀ ਏਡਾ ਵੱਡਾ ਸੀ ਕਿ ਸਾਰਾ ਦੀਵਾਨ ਇਹਦੇ ਵਿਚ ਲਗ ਸਕਦਾ ਸੀ। ਇਸ ਹਾਲ ਵਿਚ ਲੰਗਰ ਛਕਾਉਣ ਦਾ ਪਰਬੰਧ ਸੀ। ਸਾਊਥਾਲ ਵਿਚ ਹੀ ਇਕ ਘਰ ਵਿਚ ਇਹ ਲੰਗਰ ਤਿਆਰ ਹੁੰਦਾ ਸੀ ਅਤੇ ਫੇਰ ਮੋਟਰ ਗੱਡੀਆਂ ਤੇ ਰੱਖ ਕੇ ਇਥੇ ਲੈ ਆਂਦਾ ਜਾਂਦਾ। ਇਸ ਕੰਪਲੈਕਸ ਵਿਚ ਲੰਗਰ ਰਖਣ ਵਾਸਤੇ ਵਖਰਾ ਕਮਰਾ ਸੀ ਵਰਤਾਉਣ ਵਾਸਤੇ ਹਾਲ ਵਾਲੇ ਪਾਸੇ ਨੂੰ ਖੁਲ੍ਹਾ ਰਸਤਾ ਸੀ। ਕਮਰਾ ਅਸਲ ਵਿਚ ਹੈ ਹੀ ਕੰਟੀਨ ਸੀ ਜੋ ਹਾਲ ਵਿਚਲੇ ਖਿਡਾਰੀਆਂ ਦੀ ਸੇਵਾ ਵਾਸਤੇ ਸੀ। ਨਾਲ ਹੀ ਇਸ਼ਨਾਨ ਘਰ ਪਿਸ਼ਾਬ ਘਰ ਅਤੇ ਸ਼ੌਚਾਲਿਆ ਸੀ। ਸਾਊ-ਥਾਲ ਅਤੇ ਲੰਡਨ ਦੇ ਨੌਜਵਾਨ ਨਾਮਧਾਰੀ ਲੜਕੇ ਬਹੁਤ ਉਤਸ਼ਾਹ ਅਤੇ ਹਿੰਮਤ ਨਾਲ ਲੰਗਰ ਵਰਤਾ ਰਹੇ ਸਨ ਅਤੇ ਅੰਦਰੋਂ ਸਪਲਾਈ ਵਾਲਾ ਕਾਰਜ ਯੋਗੀ ਬਲਦੇਵ ਚੰਦ ਚਲਾਂਦਾ ਅਤੇ ਹੋਰ ਸਾਥਣਾਂ ਕਰ ਰਹੀਆਂ ਸਨ। ਦੇਸੀ ਘਿਓ ਦੇ ਨਰਮ ਨਰਮ ਲਡੂ, ਖੀਰ, ਕੜਾਹ ਪ੍ਰਸ਼ਾਦਿ ਸਬਜ਼ੀਆਂ ਦਾਲਾਂ ਚੌਲ ਦਹੀਂ ਸਭ ਕੁਝ ਹੀ ਸੀ ਜੋ ਕਿਸੇ ਨੂੰ ਭਾਵੇ ਲਵੇ। ਪੀਣ ਵਾਸਤੇ ਫਲਾਂ ਦਾ ਰਸ ਸੀ ਗਰਮ ਗਰਮ ਚਾਹਟਾ ਸੀ ਅਤੇ ਜੇ ਲੋੜ ਪਵੇ ਤਾਂ ਹੀ ਪਾਣੀ ਪੀਤਾ ਜਾਂਦਾ। ਆਤਮਕ ਖੁਰਾਕ ਬਾਦ ਸੰਗਤੀ ਸਰਬ ਸਰੀਰਕ ਖੁਰਾਕ ਸੀ।

ਪਹਿਲੀ ਮਈ ਨੂੰ ਆਸਾ ਦੀ ਵਾਰ ਦੀ ਸਮਾਪਤੀ ਦੇ ਨਾਲ ਹੀ ਸਾਊਥਾਲ ਦੇ ਘਰਾਂ ਵਿਚ ਸਤਿਗੁਰੂ ਜੀ ਦੇ ਚਰਨ ਪਵਾਉਣ ਦਾ ਕਾਰਜ ਸ਼ੁਰੂ ਹੋ ਗਿਆ। ਕਾਰਾਂ ਦਾ ਕਾਫਲਾ ਸਾਊਥਾਲ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਘੁੰਮ ਰਿਹਾ ਸੀ। ਜਿਥੇ ਲੋੜ ਪੈਂਦੀ ਪੈਦਲ ਸਫਰ ਵੀ ਜਾਰੀ ਰਹਿੰਦਾ। ਸਤਿਗੁਰੂ ਜੀ ਦਾ ਆਪਣਾ ਨਿਜੀ ਸਿਮਰਨ ਜਾਰੀ ਸੀ ਅਤੇ ਅਸੀਂ ਆਲੇ ਦੁਆਲੇ ਦੇ ਵਿਅਕਤੀ ਗਲਬਾਤ ਕਰ ਲੈਂਦੇ ਸੀ। ਇਸ ਤਰ੍ਹਾਂ ਅਨੇਕਾਂ ਹੀ ਘਰਾਂ ਵਿਚ ਐਸੇ ਐਸੇ ਸਿਖ ਵੀ ਵੇਖੇ ਜੋ ਪਿਛੇ ਰਹਿ ਚੁਕੇ ਸਨ ਅਤੇ ਮੁੜ ਸੰਗਤ ਨਾਲ ਜੁੜੇ ਹਨ। ਭਾਰਤ ਵਿਚੋਂ ਗਏ ਸ: ਸਵਰਨ ਸਿੰਘ ਖੁਰਸੈਦਪੁਰ ਦੇ ਅਨੇਕਾਂ ਹੀ ਰਿਸ਼ਤੇਦਾਰ ਜੋ ਯੂ. ਕੇ. 'ਚ ਰਹਿ ਰਹੇ ਹਨ ਸਭ ਗੁਰ ਚਰਨਾਂ ਨਾਲ ਲਗੇ।

## ਕਿਊ ਗਾਰਡਨ

ਅਜ ਘਰਾਂ ਵਿਚ ਚਰਨ ਪਾਉਣ ਦੇ ਵਿਚੋਂ ਸਮਾਂ ਕਢਕੇ ਸਤਿਗੁਰੂ ਜੀ ਕਿਊ ਗਾਰਡਨ (KEW GARDEN) ਦੇਖਣ ਵਾਸਤੇ ਪਧਾਰੇ। ਕਈਆਂ ਏਕੜਾਂ ਵਿਚ ਫੈਲਿਆ ਇਹ ਬਾਗ ਸੰਘਣੇ ਵਸਦੇ ਘਰਾਂ ਅਤੇ ਟਰੈਫਿਕ ਨਾਲ ਭਰਪੂਰ ਸੜਕਾਂ ਦੇ ਐਨ ਉਲਟ ਪ੍ਰਭਾਵ ਪਾਉਂਦਾ ਸੀ। ਇਕ ਸ਼ਾਂਤ ਅਤੇ ਖੂਬਸੂਰਤ ਪ੍ਰਾਕ੍ਰਿਤਕ ਪ੍ਰਭਾਵ। ਮਖਮਲੀ ਘਾਹ ਦੇ ਸੁੰਦਰ ਲਾਅਨ। ਸੋਹਣੇ ਬਿਰਧ ਅਤੇ ਰੰਗ ਬਰੰਗੇ ਫੁਲਾਂ ਦਾ ਕੋਈ ਅੰਤ ਹੀ ਨਾ ਸੀ। ਸ: ਗੁਰਚੈਨ ਸਿੰਘ ਫਲੌਰ ਫੁਲ ਅਤੇ ਫੁਲ ਪੌਦਿਆਂ ਦੇ ਵੀ ਮਾਹਰ ਹਨ। ਸਤਿਗੁਰੂ ਜੀ ਨੂੰ ਹਰ ਪ੍ਰਕਾਰ ਦੀ ਜਾਣਕਾਰੀ ਦੇ ਰਹੇ ਸਨ।

ਮੌਸਮ ਵਿਚ ਠੰਢ ਕਾਫੀ ਸੀ। ਸੂਰਜ ਨਹੀਂ ਸੀ ਨਿਕਲਿਆ। ਬਾਗ ਦੇ ਅੰਦਰ ਹੀ ਇਕ ਝੀਲ ਬਣਾਈ ਗਈ ਸੀ ਜਿਸ ਵਿਚ ਜਲ ਜੀਵ ਵਿਚਰ ਰਹੇ ਸਨ। ਕੁਝ ਸਮਾਂ ਉਥੇ ਬਿਤਾਇਆ। ਇਸ ਬਾਗ ਦੀ ਇਹ ਵਿਸ਼ੇਸ਼ਤਾ ਸੀ ਕਿ ਇਥੇ ਦੁਨੀਆਂ ਦੇ ਹਰ ਕੋਨੇ ਦੇ ਬਿਰਖ ਪੌਦੇ ਲਿਆ ਕੇ ਉਗਾਏ ਗਏ ਹਨ। ਇਹ ਕੁਦਰਤ ਦਾ ਅਸੂਲ ਹੈ ਕਿ ਸਰਦ ਥਾਵਾਂ ਤੇ ਫਲ ਬੂਟੇ ਵੀ ਅਜਿਹੇ ਹੁੰਦੇ ਹਨ ਜੋ ਸਰਦੀ ਸਹਾਰ ਸਕਦੇ ਹਨ ਅਤੇ ਗਰਮ ਇਲਾਕਿਆਂ ਵਿਚ ਗਰਮੀ ਸਹਾਰਨ ਵਾਲੇ। ਇਵੇਂ ਹੀ ਜਿਹੜੇ ਜਲ ਵਾਯੂ ਵਿਚ ਕੋਈ ਬੂਟਾ ਉਗਦਾ ਹੈ ਉਸ ਤੋਂ ਉਲਟ ਜਲ ਵਾਯੂ ਵਿਚ ਨਹੀਂ ਰਹਿ ਸਕਦਾ। ਗਰਮ ਇਲਾਕਿਆਂ ਦੇ ਦਰਖਤ ਅਤੇ ਬੂਟੇ ਇੰਗਲੈਂਡ ਵਿਚ ਨਹੀਂ ਉਗ ਸਕਦੇ। ਜੇ ਲਾਏ ਜਾਣ ਤਾਂ ਬਚ ਨਹੀਂ ਸਕਦੇ। ਪਰ ਇਥੇ ਕਿਵੇਂ ਉਗਾਏ ਗਏ ਹਨ।

ਇਹਨਾਂ ਬੂਟਿਆਂ ਦੇ ਉਗਾਉਣ ਅਤੇ ਸੰਭਾਲ ਵਾਸਤੇ ਉਹਨਾਂ ਅਨੁਸਾਰ ਵਾਤਾਵਰਣ ਨਕਲੀ ਢੰਗ ਨਾਲ ਬਣਾਇਆ ਗਿਆ ਹੈ। ਬਹੁਤ ਵਡੀ ਸਾਰੀ ਇਮਾਰਤ ਸ਼ੀਸ਼ੇ ਦੀ ਬਣਾਈ ਗਈ ਹੈ ਉਸ ਵਿਚ ਇਹ ਬੂਟੇ ਹਨ ਪਰ ਇਹ ਤਾਂ ਗਿਆਰਾਂ ਵਜੇ ਖੁਲ੍ਹਦੀ ਹੈ ਅਤੇ ਅਜੇ ਪੰਦਰਾਂ ਮਿੰਟ ਬਾਕੀ ਹਨ। ਸਾਡੇ ਸਰੂਪ ਵਲ ਦਰਸ਼ਕ ਅਗੇ ਹੀ ਖਿਚਵੀਆਂ ਨਜ਼ਰਾਂ ਨਾਲ ਵੇਖ ਰਹੇ ਸਨ। ਹਰੇ ਕਚੂਚ ਘਾਹ ਉਤੇ ਨਾਮਧਾਰੀ ਇਵੇਂ ਲਗ ਰਹੇ ਸਨ ਜਿਵੇਂ ਚਿਟੇ ਗੁਲਾਬ ਦੇ ਫੁਲ ਹੋਣ। ਉਤਸੁਕ ਯਾਤਰੀ ਤਸਵੀਰਾਂ ਵੀ ਲੈ ਰਹੇ ਸਨ। ਬਾਗ ਦੇ ਅਧਿਕਾਰੀ ਵੀ ਵੇਖ ਰਹੇ ਸਨ।

ਯੂ. ਕੇ. ਸੰਗਤ ਦੇ ਮੁਖੀਆਂ ਨੇ ਬਾਗ ਦੇ ਅਧਿਕਾਰੀਆਂ


Sri Satguru Jagjit Singh Ji eLibrary NamdhariElibrary@gmail.com

ਸਿਲਸਿਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਪਿਛਲਾ ਦਸੰਬਰ ਅੰਕ ਵੇਖੋ)

...੧੦ ਜੁਲਾਈ ੧੯੭੮ ਸੋਮਵਾਰ

## 'ਹਮਦਰਦ' ਜੀ ਨਾਲ ਭੇਂਟ

ਮੈਂ ਜਗਦੀਸ਼ ਸਿੰਘ ਨਾਲ ਜਲੰਧਰ ਪਹੁੰਚ ਗਿਆ। "ਹਮਦਰਦ" ਜੀ ਨੂੰ ਮਿਲਿਆਂ ਚਿਰ ਹੋਇਆ ਸੀ। ਅਜੀਤ ਵਿਚ ਕੁਝ ਤਬਦੀਲੀਆਂ ਸਨ। ਮੈਂ "ਵਰਿਆਮ" ਨਾਲ "ਅਜੀਤ" ਮਾਲਕ ਸ: ਸਾਧੂ ਸਿੰਘ ਹਮਦਰਦ ਨੂੰ ਜਾ ਮਿਲਿਆ। ਰੋਜ਼ਾਨਾ "ਨਵਾਂ ਜ਼ਮਾਨਾ" ਜਲੰਧਰ ਨੂੰ ਛਾਪਣ ਵਾਲੇ ਅਵਾਮੀ ਕੋ-ਆਪ ਪ੍ਰਿੰਟਿੰਗ ਪ੍ਰੈਸ ਦਾ ਲੰਮਾ ਸਮਾਂ ਮੈਨੇਜਰ ਰਹਿਣ ਕਾਰਨ ਸ: ਸਾਧੂ ਸਿੰਘ ਹਮਦਰਦ ਤੇ ਮੇਰੇ ਦਰਮਿਆਨ ਕੁਝ ਮਾਨਸਿਕ ਪਹਿਚਾਣ ਸੀ। ਕੁਛ ਅਪਣੱਤ ਵਰਗਾ ਵੀ ਸੀ। 'ਹਮਦਰਦ' ਜੀ ਦੇ ਲਿਖਣ-ਕਮਰੇ ਵਿਚ ਹੀ ਅਸਾਂ ਕੁਰਸੀਆਂ ਮੱਲ ਲਈਆਂ। ਸੰਪਾਦਕ ਨੂੰ ਮਿਲਣ ਵਾਲੇ ਦੋ ਤਿੰਨ ਅਕਾਲੀ ਸੱਜਣ ਵੀ ਬੈਠੇ ਸਨ।

ਕੁਛ ਮੁੱਢਲੀਆਂ ਗੱਲਾਂ ਉਪਰੰਤ ਹਮਦਰਦ ਜੀ ਬੋਲੇ: ਮੈਨੂੰ ਬਾਬਾ ਜਗਜੀਤ ਸਿੰਘ ਜੀ ਸਾਰੇ ਪੰਥ ਵਿਚੋਂ ਉੱਚਾ ਲਗਦੇ ਹਨ ਪਰ ਜੇ ਕਦੇ ਉਹ ਅਪਣੇ ਆਪ ਨੂੰ "ਸਤਿਗੁਰੂ" ਨਾ ਅਖਵਾਣ।

ਉੱਤਰ: ਨਾ ਉਹ ਅਪਣੇ ਆਪ ਸਤਿਗੁਰੂ ਬਣੇ ਹਨ ਅਤੇ ਨਾ ਹਟਾਇਆਂ ਹਟ ਸਕਦੇ ਹਨ। ਜੇ ਉਹ ਸਤਿਗੁਰੂ ਨਾ ਰਹਿਣ, ਫਿਰ ਤਾਂ ਗੁਰੂ ਨਾਨਕ ਪਰੰਪਰਾ ਹੀ ਖ਼ਤਮ ਹੋ ਗਈ।

ਹਮਦਰਦ: ਉਹ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਤਮ ਕਰ ਦਿਤੀ।

ਲੇਖਕ: ਨਹੀਂ। ਜਿਸ ਵੇਲੇ ਉਹ ਨਾਦੇੜ ਚੰਦ ਨਾਲ ਨਦੇੜੋਂ ਅਲੋਪ ਹੋਏ ਉਸ ਵੇਲੇ ਉਹਨਾਂ ਪਾਸ ਕੋਈ ਵੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਨਹੀਂ ਸੀ। ਪੁਰਾਤਨ ਇਤਿਹਾਸ ਮੇਰੇ ਵਿਚਾਰ ਦੀ ਪੁਸ਼ਟੀ ਕਰਦੇ ਹਨ।

ਹਮਦਰਦ: ਉਹ ਜਿਹੜਾ ਲਿਖਿਆ ਹੈ "ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।" ਉਹ ਝੂਠ ਹੀ ਹੈ?

ਲੇਖਕ: ਨਹੀਂ, ਝੂਠ ਨਹੀਂ। ਉਹਦਾ ਅਰਥ ਹੋਰ ਹੈ ਪਰ ਜੇ ਤੁਹਾਡਾ ਗ਼ਲਤ ਲਿਆ ਜਾਵੇ ਤਾਂ ਉਹ ਚੌਥੇ ਸਤਿਗੁਰਾਂ ਦੀ ਬਾਣੀ ਹੈ। ਜੇ ਬਾਣੀ ਹੀ ਗੁਰੂ ਬਣ ਗਈ ਤਾਂ ਅਗਲੇ ਸਤਿਗੁਰਾਂ ਨੂੰ ਕਿਵੇਂ ਮੰਨੀਏ? ਹਮਦਰਦ ਸਾਹਿਬ, ਇਸ ਤੁਕ ਦਾ ਅਰਥ ਹੈ—ਬਾਣੀ ਗੁਰੂ ਦੀ ਹੈ ਅਤੇ ਇਹ ਬਾਣੀ ਵੱਡੀ ਹੈ। ਉਸ ਦਾ ਕਥਨ ਹੀ ਖ਼ੁਦਾਈ ਹੈ ਜਿਸ ਵਿਚ ਅੰਮ੍ਰਿਤ ਰੂਪੀ ਸਾਰ ਹੈ। ਜਾਂ ਬਾਣੀ ਅੰਦਰ ਸਾਰਾ ਹੀ ਅੰਮ੍ਰਿਤ ਹੈ।

ਹਮਦਰਦ: ਤੇ ਉਹ ਦੋਹਰਾ "ਪ੍ਰਗਟ ਗੁਰਾਂ ਕੀ ਦੇਹ" ਵਾਲਾ?"

ਲੇਖਕ: ਇਸ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨ ਕੋਸ਼ ਵੇਖ ਲਓ। ਇਹ ਖ਼ਾਤਰ ਏਨੇ ਜ਼ੋਰ ਦੀ ਪਰਚਾਰੀ ਗਈ ਹੈ ਕਿ ਮਾਸ ਦਾ ਮਹਾਂ ਪ੍ਰਸਾਦ ਬਣ ਗਿਆ ਹੈ।

ਹਮਦਰਦ ਹੁਰੀਂ ਨਿਆਣਿਆਂ ਵਾਂਗ ਮੁਸਕਾਏ: ਛੱਡੋ ਇਹਨਾਂ ਗੱਲਾਂ ਨੂੰ। ਨਾ ਤੁਸਾਂ ਮੰਨਣਾ ਹੈ, ਨਾ ਮੈਂ ਮੰਨਣਾ ਹੈ।

## ਬੀਬੀ ਪ੍ਰਕਾਸ਼ ਨਾਲ

ਮੈਂ ਹਮਦਰਦ ਜੀ ਦੀ ਨਵ-ਪਤਨੀ ਪ੍ਰਕਾਸ਼ ਕੌਰ ਨੂੰ ਵੀ ਮਿਲਣਾ ਚਾਹੁੰਦਾ ਸਾਂ। 'ਅਜੀਤ' ਵਿਚ ਉਹਦੇ ਲੇਖ ਜ਼ੋਰਦਾਰ ਸਪਸ਼ਟ ਤੇ ਪ੍ਰਭਾਵ ਉਤਪਾਦਕ ਲਗਦੇ ਸਨ। ਜ਼ਿੰਦਗੀ ਦੇ ਦੂਜੇ ਅੱਧ ਵਿਚ ਕਈ 'ਹਮਦਰਦ' ਸ਼ਾਇਰ ਤੇ ਲੇਖਕ ਨਾਲ ਜਿਸ ਇਸਤ੍ਰੀ ਨੇ ਸਾਥ ਜੋੜਿਆ ਸੀ ਮੈਂ ਉਸਨੂੰ ਉੱਚੇ ਚਰਿਤ੍ਰ ਦੀ ਕਲਪਦਾ ਸਾਂ। ਇਹਨਾਂ ਸੰਜੋਗਾਂ ਦਾ ਵੀ ਨਿਪਰਸ਼ਕ ਮੁਦਈ ਸਾਂ।

'ਹਮਦਰਦ' ਜੀ ਨੂੰ ਮੈਂ ਦਿਆਂ ਹੀ ਕਹਿ ਦਿਤਾ: ਭਾਈ, ਪ੍ਰਕਾਸ਼ ਕੌਰ ਜੀ ਨੂੰ ਤਾਂ ਮਿਲਾਓ। ਉਹਨਾਂ ਦੇ ਲੇਖ ਅਤੇ ਫੋਟੋ 'ਅਜੀਤ' ਵਿਚ ਵੇਖੀਦੇ ਹਨ ਪਰ ਅਜੇ ਮੇਲ ਨਹੀਂ ਹੋਏ।

ਵਾਜ ਦਿੱਤੀ: ਪ੍ਰਕਾਸ਼ ਕੌਰ ਜੀ, ਆਓ ਨ?

ਅਵਾਜ਼ ਆਈ: ਦੋ ਮਿੰਟ ਠਹਿਰ ਕੇ ਆਈ ਜੀ।

ਅਤੇ ਜਦੋਂ ਨੂੰ ਪ੍ਰਕਾਸ਼ ਕੌਰ ਜੀ ਆਏ ਮੈਂ ਹਮਦਰਦ



Sri Satguru Jagjit Singh Ji eLibrary NamdhariElibrary@gmail.com



ਡਾ: ਸਾਧੂ ਸਿੰਘ ਹਮਦਰਦ ਅਤੇ ਬੀਬੀ ਪ੍ਰਕਾਸ਼ ਕੌਰ, ਅਜੀਤ
ਦੇ ਦਫ਼ਤਰ ਵਿਚ।...ਹੁਣ ਯਾਦਾਂ ਹੀ ਬਾਕੀ ਹਨ।

ਸਾਹਿਬ ਨੂੰ ਗ਼ਜ਼ਲਾਂ ਵਲ ਲਾ ਲਿਆ ਸੀ 'ਨਿਰੰਕੁਸ਼ਤ ਭਟਾਚਾਰੀਆ' ਦਾ ਜ਼ਿਕਰ ਕਰਕੇ।

ਪ੍ਰਕਾਸ਼ ਕੌਰ ਜੀ ਆਏ। ਮੈਨੂੰ ਅਫ਼ੇ ਲਗੇ। ਸਹਿਜਤਾ ਕਹਿ ਗਿਆ : ਤੁਸੀਂ ਤਾਂ ਸੁਹਣੇ ਓ, ਫਬਦੇ ਓ! ਹਮਦਰਦ ਸਾਹਿਬ ਨੂੰ ਹੁਣ ਗ਼ਮਗੀਨ ਗ਼ਜ਼ਲਾਂ ਲਿਖਣ ਦੀ ਲੋੜ ਨਹੀਂ ਰਹੇਗੀ। ਅਤੇ ਹਮਦਰਦ ਜੀ ਨੇ ਬੜੇ ਰਉਂ ਵਿਚ "ਦਾਮ ਸੁਦਾਸ" ਪੁਸਤਕ ਵਿਚੋਂ ਗ਼ਜ਼ਲਾਂ ਪੜ੍ਹ ਸੁਣਾਈਆਂ।

ਛੋਟੇ ਛੋਟੇ ਸ਼ਬਦ, ਛੋਟੇ ਛੋਟੇ ਵਾਕ ਤ ਵਡੇ ਵਡੇ ਭਾਵ, ਵਡੇ ਵਡੇ ਅਰਥ। ਹਮਦਰਦ ਪੰਜਾਬੀ ਗ਼ਜ਼ਲ ਦਾ ਠੀਕ ਹੀ ਬਾਦਸ਼ਾਹ ਹੈ। ਉਸਨੇ ਗ਼ਜ਼ਲ ਵਾਸਤੇ ਕਾਫ਼ੀ ਸੰਘਰਸ਼ ਕੀਤਾ ਹੈ। ਪੰਜਾਬੀ ਗ਼ਜ਼ਲ ਨੂੰ ਉਰਦੂ-ਫ਼ਾਰਸੀ ਦੇ ਸ਼ਬਦ ਪ੍ਰਭਾਵ ਤੋਂ ਮੁਕਤ ਕੀਤਾ ਹੈ।

ਘੰਟਾ ਪੌਣਾ ਘੰਟਾ ਬੜੇ ਅਨੰਦ ਦਾ ਮਾਣਿਆ। ਗ਼ਜ਼ਲਾਂ, ਉੱਚ ਕੋਟੀ ਦੀ ਸ਼ਾਇਰੀ ਨੇ ਦੀਨ ਦੁਨੀਆਂ ਭੁਲਾ ਰਖੇ ਸਨ। ਪ੍ਰਕਾਸ਼ ਕੌਰ ਜੀ ਦਾ ਆਪਣੇ ਵੀਰ ਨੂੰ ਚਾਹ ਪਿਆਣ ਤੇ ਜੀ ਕਰਦਾ ਸੀ। ਪੁਛਿਆ : ਦੁਧ ਪੀਓਗੇ, ਸ਼ਿਕੰਜਵੀ ਜਾਂ ਚਾਹ ਪੀ ਲੈਂਦੇ ਓ? ਅਤੇ ਅਸਾਂ ਸਭਨਾਂ ਸਨੇਹ ਭਰਪੂਰਤਾ ਵਿਚ ਖਾਧਾ ਪੀਤਾ।

'ਅਜੀਤ' ਦੀ ਗੱਲ ਛਿੜੀ ਤਾਂ ਹਮਦਰਦ ਨੇ ਉੱਪਰ ਉਂਗਲ ਉਠਾਕੇ ਆਖਿਆ : ਉਸ ਮਾਲਿਕ ਦੀ ਕਿਰਪਾ ਨਾਲ ਅਸੀਂ ਪੰਜਾਬੀ ਟ੍ਰਿਬਿਊਨ ਦਾ ਟਾਕਰਾ ਵੀ ਕਰਾਂਗੇ ਅਤੇ ਉਰਦੂ ਵਿਚ ਵੀ ਅਜੀਤ ਨਿਕਲੇਗਾ।

ਸਮੋਂ ਦੇ ਸੁਆਦ ਦੀ ਸਾਡੇ ਸਭ ਤੇ ਮੋਹਰ ਸੀ।

**ਮੇਰੇ ਵੀ ਪ੍ਰਸੰਸਕ**

ਜਲੰਧਰੋਂ ਵਿਦਾ ਹੋਣ ਲਗਾ ਤਾਂ ਪਹਿਲਾਂ ਪ੍ਰੇਮ ਗੋਰਖੀ ਨੇ ਆਦਰ ਨਾਲ ਮਿਲਕੇ "ਵਰਿਆਮ" ਵਿਚ ਛਪਦੀਆਂ ਮੇਰੀਆਂ ਲਿਖਤਾਂ ਦੀ ਪ੍ਰਸੰਸਾ ਕੀਤੀ। ਸ੍ਰੀ ਫ਼ਕੀਰ ਚੰਦ ਤੁਲੀ ਨੇ ਵੀ ਸਿਫ਼ਤ ਸਲਾਹ ਵਿਚ ਕੋਈ ਕਸਰ ਨਾ ਛੱਡੀ। ਕਿਲਸੇ ਤੇ ਜਾਂਦਿਆਂ ਢੇਰ ਸਾਰੇ ਨਾਵਲਾਂ ਦਾ ਕਰਤਾ ਦਰਸ਼ਨ ਦਾਸ ਸਹਿਰਾਈ ਮਿਲਿਆ। ਰਿਕਸ਼ਾ ਰੋਕ ਕੇ ਕਹਿਣ ਲਗਾ : ਤੇਰੀ "ਇਸਤਰੀਆਂ ਦਾ ਪਹਿਲਾ ਮੁਕਤੀਦਾਤਾ" ਪੁਸਤਕ ਪੜ੍ਹੀ। ਬੜਾ ਅਨੰਦ ਆਇਆ, ਬੰਦੇ ਤੇ ਅਸਰ ਕਰਦੀ ਹੈ।

ਅਗਰ ਮੈਂ ਰੋ ਤੇ ਵੀ ਹੋ ਗਿਆ ਸੀ ਆਪਣੀ ਵਡਿਆਈ ਸੁਣਕੇ।



Sri Satguru Jagjit Singh Ji eLibrary NamdhariElibrary@gmail.com

## ੧੧ ਜੁਲਾਈ ੧੯੭੮ ਮੰਗਲਵਾਰ
## ਸ੍ਰੀ ਭੈਣੀ ਸਾਹਿਬ

ਪਿੰਡ ਰੇਰੂ ਤੋਂ ਸ: ਨਿਰੰਜਨ ਸਿੰਘ ਦਿਵਕ-ਬੀਬੀ ਬੰਨਣ ਕੌਰ ਨੂੰ ਮਿਲਕੇ, (ਇਹ ਮੇਰੇ ਮਿੱਤਰ ਤੇ ਸਤਿਗੁਰੂ ਜੀ ਦੇ ਪ੍ਰੇਮਕ ਹਨ) ਮਕਸੂਦਾਂ ਵਿਚ ਪੁਰਾਣੇ ਕਾਮਰੇਡਾਂ ਪ੍ਰਿਥੀਪਾਲ ਸਿੰਘ ਸੰਧੂ ਅਤੇ ਕੁਲਵੰਤ ਕੌਰ ਨਾਲ ੩ ਘੰਟੇ ਬਿਤਾਕੇ, ਫਿਰ ਸ: ਜਗਦੀਸ਼ ਸਿੰਘ ਬਖਸ਼ੀਸ਼ ਤੋਂ ਆਪਣਾ ਸਾਮਾਨ ਪ੍ਰਾਪਤ ਕਰਕੇ, ਦੁਪਹਿਰ ਅਪਣੀ ਲੜਕੀ ਇੰਦੂ ਅਤੇ ਦਾਮਾਦ ਸੁੱਖਾ ਸਿੰਘ ਹੁਰਾਂ ਪਾਸ ਜਾ ਕੱਟੀ। ੪ ਵਜੇ ਏਥੋਂ ਵਿਦਾ ਲੈ ੭.੩੦ ਤਕ ਸ੍ਰੀ ਭੈਣੀ ਸਾਹਿਬ ਪਹੁੰਚ ਗਿਆ।

ਸ੍ਰੀ ਸਤਿਗੁਰੂ ਜੀ ਦਾ ਪਤਾ ਕੀਤਾ। ਆਪ ਰੰਧਣ ਵਾਲੀ ਨਹਿਰ ਤੇ ਗਏ ਹੋਏ ਸਨ।

੮.੩੦ ਤਕ ਉਸਤਾਦ ਹਰਭਜਨ ਸਿੰਘ ਦੇ ਆਸਰੇ ਫਿਰ ਦਰਸ਼ਨਾਂ ਲਈ ਗਿਆ। ਉਨ੍ਹਾਂ ਆਗਿਆ ਮੰਗੀ ਤਾਂ ਹੁਕਮ ਹੋਇਆ: ਆਣੇ ਨਾ ਜਾਓ, ਮੈਂ ਆਰਾਮ ਕਰਨਾ ਹੈ।

ਜਾਂ ਅੰਦਰ ਗਏ ਤਾਂ ਸ੍ਰੀ ਹਜ਼ੂਰ ਨੂੰ ਮੈਂ ਕਿਸੇ ਸਮੇਂ ਥੋੜਾ ਕੁ ਵਕਤ ਦੇਣ ਦੀ ਅਰਜ਼ ਕੀਤੀ ਤਾਂ ਉੱਤਰ ਮਿਲਿਆ ਕਲ੍ਹ ੮.੩੦ ਵਜੇ ਸਵੇਰੇ ਮੈਂ ਲੁਧਿਆਣੇ ਜਾਣਾ ਹੈ, ੮.੧੫ ਤੇ ਆ ਜਾਇਓ।

### ਠਾਕੁਰ ਜੀ ਨੂੰ ਸਿਤਾਰ

ਅਸੀਂ ਬਾਹਰ ਆਏ ਹੀ ਸਾਂ ਕਿ ਹਰਭਜਨ ਸਿੰਘ ਨੂੰ ਫਿਰ ਆਵਾਜ਼ ਪੈ ਗਈ: ਅੰਦਰ ਗਿਆਂ ਸੱਚੇ ਪਾਤਸ਼ਾਹ ਜੀ ਫੁਰਮਾਇਆ: ਠਿੰਬੂ ਨੂੰ (ਠਾਕੁਰ ਜੀ ਨਿੱਕੇ) ਖਾਂ ਸਾਹਿਬ (ਵਲਾਇਤ ਖਾਂ) ਤੋਂ ਸਿਤਾਰ ਸਿਖਾਉਣੀ ਹੈ। ਸਿਤਾਰ ਤੇ ਕੀ ਖਰਚ ਆਵੇਗਾ? ਹਰਭਜਨ ਸਿੰਘ ਨੇ ਅਪਣੀ ਨਵੀਂ ਸਿਤਾਰ ਤੇ ੭੦੦/- ਖਰਚ ਆਇਆ ਦੱਸਿਆ। ਨਾਲ ਹੀ ਕਿਹਾ ਕਿ ਪੁਰਾਣੀ ਸਰੋਦ ਦੇ ਕੇ ੩੫੦/- ਨਾਲ ਦੇਣੇ ਹਨ। ਸਤਿਗੁਰੂ ਜੀ ਬਚਨ ਕੀਤਾ: ਮੈਨੂੰ ਕਹਾਣੀਆਂ ਪਾਕੇ ਨਾ ਦੱਸ। ਦੱਸ ਤੈਨੂੰ ਪੈਸੇ ਕਿੰਨੇ ਚਾਹੀਦੇ ਨੇ? ਅਤੇ ੩੫੦/- ਇਸਨੂੰ ਦਿੱਤੇ ਜਾਣ। ਹਰਭਜਨ ਸਿੰਘ ਨੇ ਦੱਸਿਆ ਕਿ ਠਾਕੁਰ ਜੀ ਛੋਟੇ ਸਿਤਾਰ ਸਿੱਖਣ ਲਈ ਤਿਆਰ ਹੋ ਰਹੇ ਹਨ।

ਅੱਜ ਸਵੇਰ ਤੋਂ ਹੀ ਸਤਿਗੁਰੂ ਜੀ ਨੇ ਲੁਧਿਆਣੇ ਜਾਕੇ ਸ: ਮਹਿੰਦਰ ਸਿੰਘ ਵਾਸਤੇ ਮਕਾਨ ਉਸਾਰੀ ਲਈ ਆਦਮੀ ਲਗਾ ਦਿੱਤੇ ਹਨ। ਅਤੇ ਮਾਤਾ ਜੀ ਦੀ ਨਿਗਰਾਨੀ ਹੇਠ ਉਸਾਰੀ ਜਾਰੀ ਹੋ ਗਈ ਹੈ।

## ੧੨ ਜੁਲਾਈ ੧੯੭੮ ਬੁਧਵਾਰ
## ਸ੍ਰੀ ਭੈਣੀ ਸਾਹਿਬ

ਅੱਜ ਮੈਂ ਉੱਠਣ ਨਾਲ ਉਠ, ਇਸ਼ਨਾਨ ਆਦਿ ਕਰ ੫.੩੦ ਵਜੇ ਹੀ ਆਸਾ ਦੀ ਵਾਰ ਦੇ ਕੀਰਤਨ ਵਿਚ ਗਿਆ। ਸਤਿਗੁਰੂ ਜੀ ਨੇ ਸਾਹਮਣੇ, ਰਾਗੀਆਂ ਦੇ ਕੋਲ ਕਰਕੇ, ਬੈਠਣ ਦਾ ਇਸ਼ਾਰਾ ਕੀਤਾ। ਰਾਗੀਆਂ ਤੋਂ ਬਿਨਾ, ਸਤਿਗੁਰਾਂ ਦੀ ਅਗਵਾਈ ਅਤੇ ਮਹਾਰਾਜ ਜੀ ਦਾ ਸਾਥ ਚਲ ਰਿਹਾ ਸੀ, ਚਾਰ ਕੁ ਸ਼ਲੋਕ ਰਹਿੰਦਿਆਂ ਸੱਚੇ ਪਾਤਸ਼ਾਹ ਜੀ, ਪੂਰਖਾ ਤੇ ਸਵਰਨ ਸੰਧ ਅਚਾਨਕ ਉਠ ਕੇ ਚਲੇ ਗਏ। ਪੰਜਾਂ ਕੁ ਮਿੰਟ ਅਟਕ ਕੇ ਫਿਰ ਦਰਸ਼ਨ ਦਿੱਤੇ। ਜਾਪਦਾ ਹੈ ਤਬੀਅਤ ਨੇ ਸਾਥ ਨਹੀਂ ਦਿਤਾ ਹੋਣਾ। ਸਮੇਂ ਸਿਰ ਕੀਰਤਨ ਦਾ ਭੋਗ ਪਿਆ।

### ਲੁਧਿਆਣੇ ਨੂੰ

ਮੈਂ ੮ ਵਜੇ ਫਿਰ ਕੋਠੀ, ਸਤਿਗੁਰੂ ਜੀ ਵਾਸਤੇ ਵਿਛੇ ਬਿਸਤਰੇ ਪਾਸ, ਇਕ ਚਟਾਈ ਉਤੇ ਜਾ ਬੈਠਾ। ਸਤਿਗੁਰੂ ਜੀ ੮.੪੫ ਵਜੇ ਪਧਾਰੇ। ੧੦ ਕੁ ਮਿੰਟ ਮੇਰੇ ਨਾਲ ਬਚਨ ਬਿਲਾਸ ਕਰਕੇ ਨਾਲ, ਲੁਧਿਆਣੇ ਚਲਣ ਲਈ ਆਗਿਆ ਕੀਤੀ।

ਗੁਰਮੁਖ ਸਿੰਘ ਗੱਡੀ ਲੈ ਆਇਆ। ਸੱਚੇ ਪਾਤਸ਼ਾਹ ਚਾਲਕ ਦੇ ਨਾਲ ਦੀ ਸੀਟ ਉਪਰ ਅਪਣੀ ਸੀਟ ਰਖਵਾ ਕੇ ਬੈਠੇ। ਸੰਤ ਮਹਿੰਦਰ ਸਿੰਘ ਪੂਰਖਾ ਅਤੇ ਮੈਂ ਪਿਛਲੀ ਸੀਟ ਤੇ ਬੈਠ ਗਏ। ਸਤਿਗੁਰੂ ਜੀ ਨਾਲ ਅੱਜ ਭਰਪੂਰ ਇਕਾਂਤ ਸੀ, ਅਨੇਕਾਂ ਜ਼ਾਤੀ ਅਨੁਭਵ ਮੈਂ ਸੁਣਾਏ। ਸਤਿਗੁਰੂ ਜੀ ਵਲੋਂ ਵੀ ਅਨੇਕਾਂ ਬਚਨ ਹੋਏ।

### ਸ: ਮਹਿੰਦਰ ਸਿੰਘ ਲਈ ਮਕਾਨ

ਲੁਧਿਆਣੇ ਦੇ ਸ੍ਰੀ ਪ੍ਰਤਾਪ ਨਗਰ ਵਿਚ ਗੱਡੀ ਜਾ ਖਲੋਤੀ। ਏਥੇ ਉਸਤਾਦ ਮਹਿੰਦਰ ਸਿੰਘ (ਗਾਇਕ) ਦਾ ਮਕਾਨ ਬਣ ਰਿਹਾ ਸੀ। ਮਾਤਾ ਜੀ ਲੰਗਰੋਂ ਪ੍ਰਸ਼ਾਦੇ ਲਿਆਕੇ ਕੰਮ ਕਰਨ ਵਾਲੇ ਸਿੰਘਾਂ ਨੂੰ ਛਕਾ ਰਹੇ ਸਨ। ਕੋਈ ੧੫ ਸਿੰਘ ਉਸਾਰੀ ਵਿਚ ਜੁਟੇ ਹੋਏ ਸਨ। ਕੱਲ ਦੇ ਲਗੇ ਹੋਏ ਅੱਜ ਛੱਤਾਂ ਤਕ ਲੈ ਜਾਣਗੇ। ਸ੍ਰੀ ਸਤਿਗੁਰੂ ਜੀ ਨੇ ਦਸਿਆ: ਇਹ ਜਗਾਹ ੧੬੫ ਗਜ਼ ਹੈ। ਇਸ ਵਿਚੋਂ ਇਕ ਸਿੰਘ ਨੂੰ ਤਾਂ ਇਕਦਮ ਛੁੱਟੀ ਕਰ ਦਿਤੀ ਗਈ ਹੈ। ਬਾਦ ਉਸ ਤੋਂ ਉਹਦਾ ਸਾਰਾ ਪਲਾਟ ਲੈ ਲਿਆ ਹੈ, ਦੂਜੇ ਤੋਂ ਉਹਦੇ ਪਲਾਟ ਦਾ ਅੱਧ ਲੈ ਲਿਆ ਹੈ। ਮਹਿੰਦਰ ਸਿੰਘ ਦੀ ਪਤਨੀ ਦੇ ਕਹਿਣ



Sri Satguru Jagjit Singh Ji eLibrary NamdhariElibrary@gmail.com

ਮੁਤਾਬਕ ਵਾਂ ਤਿਆਰ ਕਰਵਾ ਰਹੇ ਹਾਂ। ਪਿਛਲੇ ਪਾਸੇ ਦਾ ਢੱਠਿਆ ਢਹਾਇਆ ਕਮਰਾ ਜਿਸ ਸਿੱਖ ਦਾ ਲਿਆ ਸੀ, ਉਹਨੂੰ ਪੜਕ ਉਹਦੀ ਜਗਹ ਤੇ ਡ੍ਰੇਕ ਕਮਰਾ ਦਿਤਾ ਹੈ। ਪਿਛਲਾ ਕਮਰਾ ਮਹਿੰਦਰ ਸਿੰਘ ਨੂੰ ਦੇ ਦਿਤਾ ਜਾਵੇਗਾ। ਇੰਜ ਦੋ ਕਮਰੇ ਤੇ ਇਕ ਬਰਾਮਦਾ ਕੱਲ ਤਕ ਅਸਲੋਂ ਤਿਆਰ ਹੋ ਜਾਣਗੇ।

ਏਦਾਂ ਖਲੋ ਖਲੋਤਿਆਂ ਅਵਤਾਂਕਾ ਤੋਂ ਇਕ ਅਰਜਨ ਸਿੰਘ ਨਾਮੀ ਗੈਰ-ਨਾਮਧਾਰੀ ਸਿੱਖ ਨੇ ਕੋਲ ਆਕੇ ਹੱਸ ਹੱਸ ਕੇ ਕਿਹਾ: ਤੁਸਾਂ ਤਾਂ ਰਾਤੋਂ ਰਾਤ ਹੀ ਕਮਰੇ ਖੜੇ ਕਰ ਦਿਤੇ ਹਨ। ਮੈਂ ਵੀ 'ਬਾਬੇ' ਨੂੰ ਅਰਜ਼ ਕੀਤੀ ਹੈ ਜੇ ਮਕਾਨ ਬਣ ਜਾਵੇ।

ਸਤਿਗੁਰੂ ਜੀ ਨੇ ਦੱਸਿਆ: ੬ ਬਹੁਤ ਗਰੀਬ ਨਾਮਧਾਰੀਆਂ ਨੂੰ ਏਥੇ ਮੁਫਤ ਪਲਾਟ ਦਿਤੇ ਹਨ। ਰੁਪੈ ਕਮਾਣ ਨਾਲੋਂ ਉਨ੍ਹਾਂ ਗੁਰ ਸਿੱਖਾਂ ਨੂੰ ਜ਼ਮੀਨ ਦੇਣੀ ਚੰਗੇਰੇ ਜੋਗ ਸੀ। ਏਸ ਗਲੀ ਵਿਚ ੧੫-੧੬ ਘਰ ਨਾਮਧਾਰੀਆਂ ਦੇ ਹਨ।

## ਘਰਾਂ ਵਿਚ ਦਰਸ਼ਨ

ਇਕ ਸਿੱਖ ਨੇ ਏਥੇ ਨਾਲ ਹੀ ਅਪਣੇ ਘਰ ਚਰਨ ਪਾਣ ਦੀ ਬੇਨਤੀ ਕੀਤੀ। ਸਤਿਗੁਰੂ ਜੀ ਉਸ ਦੇ ਘਰ ਪਧਾਰੇ। ਮੰਜਾ ਵਿਛਿਆ ਹੋਇਆ ਸੀ ਤੇ ਟੇਬਲ ਫੈਨ ਚਲ ਰਿਹਾ ਸੀ ਫੁਰਮਾਇਆ, ਵੈਂਟੀਲੇਸ਼ਨ ਠੀਕ ਨਾ ਹੋਣ ਕਰਕੇ ਹਵਾ ਸ਼ੁਧ ਨਹੀਂ ਰਹਿੰਦੀ ਅੰਦਰ ਦੀ। ਸਾਡੇ ਵਿਚਾਰਾਂ ਦਾ ਵੀ ਏਹੋ ਹਾਲ ਹੈ। ਅੰਦਰ ਸ਼ੁਧ ਅਛੇ ਵਿਚਾਰਾਂ ਦੇ ਆਵਾਗਵਣ ਨਾਲ ਹੀ ਹੁੰਦਾ ਹੈ। ਅਸਾਂ ਮਹਿੰਦਰ ਸਿੰਘ ਦੇ ਮਕਾਨ ਲਈ ਵੈਂਟੀਲੇਸ਼ਨ ਦਾ ਠੀਕ ਪ੍ਰਬੰਧ ਰਖਿਆ ਹੈ।

ਗਲੀ ਵਿਚ ਆਇਆਂ ਇਕ ਸਿੰਘ ਜਿਉਂ ਚਰਨਾਂ ਤੇ ਡਿਗਾ, ਕੂਕਾਂ ਨੇ ਪਿਆ। ਸਤਿਗੁਰੂ-ਸਨੇਹ ਦੇ ਅਨੰਦ ਉਸਦੇ ਅੰਦਰ ਬਲ ਉਠੇ। ਚਰਨਾਂ ਉਤੇ ਲਿਪਟਿਆਂ ਸ਼ਾਂਤੀ ਦਾ ਆਭਾਸ ਹੋਣ ਲਗਾ। ਸ: ਸੁਰਜੀਤ ਸਿੰਘ ਉਹਦਾ ਨਾਂ ਸੀ। ਸਣੇ ਪਰਵਾਰ ਕਿਤੇ ਨੇੜੇ ਦੇ ਮਹਲਿਓਂ ਆਇਆ ਸੀ।

ਪੌਣਾ ਘੰਟਾ ਮਕਾਨ ਉਸਾਰੀ ਪਾਸ ਦਰਸ਼ਨ ਦੇਕੇ ਜਾਣ ਲਗੇ ਤਾਂ ਸ: ਦਲੀਪ ਸਿੰਘ ਜਿਗਿਆਸੂ ਨੇ ਅਰਜ਼ ਕੀਤੀ: ਸੱਚੇ ਪਾਤਸ਼ਾਹ ਲੁਧਿਆਣੇ ਦੀ ਸੰਗਤ ਹੋ ਘਰੀਂ ਚਰਨ ਪਾਉਣ ਦਾ ਅਵਸਰ ਬਖਸ਼ੋ। ਬਚਨ ਹੋਇਆ: ਜੇ ਇਕ ਘੰਟਾ ਸਮਾਂ ਮਿਲ ਜਾਵੇਗਾ, ਪ੍ਰੋਗਰਾਮ ਤੁਸੀਂ ਬਣਾ ਲਓ।

ਕਾਰ ਸਵਾਰ ਹੋਣ ਹੀ ਲਗੇ ਸਨ ਕਿ ਫੇਰ ਇਕ ਸਿੱਖ ਨੇ ਤਰਲਾ ਲਿਆ, ਉਹਦੇ ਘਰ ਦਰਸ਼ਨ ਜ਼ਰੂਰ ਦਿਤੇ ਜਾਣ। ਜਦੋਂ ਸਤਿਗੁਰੂ ਜੀ ਛੋਟੀ ਗਲੀ ਵਿਚੋਂ ਸਿੰਘ ਦੇ ਕਮਰੇ ਵਲ ਵਧੇ ਤਾਂ ਸ਼ਾਇਦ ਇਕ ਨੇਤਰਹੀਣ ਮਾਈ ਚਰਨਾਂ ਤੇ ਹੁਪਏ ਪਰਦੀ ਜਿਵੇਂ ਡਿੱਗ ਹੀ ਪਈ। ਵੈਰਾਗ ਵਿਚ ਅਥਰੂ ਛੁੱਟ ਪਏ!

ਅਜਿਹੇ ਦ੍ਰਿਸ਼ ਬੜੇ ਹਿਰਦੇ ਵਿਦਾਰਕ ਹੁੰਦੇ ਹਨ।

ਏਧਰੋਂ ਚਰਨ ਪਾਕੇ ਅਜੇ ਪਰਤੇ ਹੀ ਸਨ ਕਿ ਇਕ ਹੋਰ ਸਿੱਖ ਨੇ ਜ਼ੋਰ ਲਗਾਇਆ ਕਿ ਕੋਲ ਆਏ ਸਤਿਗੁਰੂ ਜੀ ਉਸਦਾ ਘਰ ਵੀ ਪਵਿੱਤਰ ਕਰੀ ਜਾਣ। ਜਿਉਂ ਹੀ ਸਤਿਗੁਰੂ ਜੀ ਉਸਦੇ ਘਰ ਪਧਾਰੇ ਉਸਨੇ ਇਕ ਰੁਪਿਆ ਮੱਥਾ ਟੇਕ ਕੇ "ਕੋਟ ਫਲਾ ਦਰਸਨ ਗੁਰ ਡੀਠੇ" ਦਾ ਵਾਕ ਸਫਲ ਜਾਤਾ।

ਸੰਤ ਨਿਰੰਜਨ ਸਿੰਘ ਜਗੀਰ ਦਾ ਮਕਾਨ ਮੈਨੂੰ ਦੂਰੋਂ ਹੀ ਵਖਾਇਆ। ਇਸ ਵਿਚ ਬਾਰ ਸੈੱਟ ਹਨ। ਮੈਂ ਪੁਛਿਆ: ਸ: ਸਵਰਨ ਸਿੰਘ ਸਿਆਨ ਦਾ ਮਕਾਨ ਵੀ ਏਥੇ ਉਸਾਰਨਾ ਸੀ? ਉੱਤਰ ਮਿਲਿਆ: ਮੈਂ ਉਹਨੂੰ ਅਜੀਤ ਸਿੰਘ ਸਾਲਪੁਰੀਏ ਦੁਆਰਾ ਉਸਾਰਨ ਲਈ ਕਿਹਾ ਸੀ। ਮੈਨੂੰ ਉਸਦੀ ਜਗਹ ਦਾ ਪਤਾ ਨਹੀਂ। ਹਾਂ ਸਵਰਨ ਨੇ ਵਲਾਇਤੋਂ ਆਏ ਵਲਾਇਤ ਹਵੀਂ ਮੈਨੂੰ ਨਮਸਕਾਰ ਭੇਜੀ ਹੈ।

## ਸ਼ਰਾਬੜ ਤੇ ਕਿਰਪਾ

ਏਥੋਂ ਤੁਰੇ ਤਾਂ ਇਕ ਕਾਰਖਾਨੇ ਮੂਹਰੇ ਜਾਕੇ ਗੱਡੀ ਰੁਕਵਾਈ। ਇਕ ਸਿੰਘ ਦਾ ਨਾਮ ਲੈਕੇ ਉਸਨੂੰ ਬਾਹਰ ਆਉਣ ਲਈ ਸੁਨੇਹਾ ਭੇਜਿਆ। ਇਕ ਉਹਾ ਲੰਮਾ ਜੁਆਨ ਸਿਰ ਤੇ ਲਾਲ ਪਗੜੀ ਬੰਨ੍ਹੀ ਆ ਹਾਜ਼ਰ ਹੋਇਆ।

"ਹੁਣ ਛੱਡੀ ਹੈ ਕਿ ਨਹੀਂ?"

"ਛੱਡ ਦਿਤੀ ਏ ਸੱਚੇ ਪਾਤਸ਼ਾਹ!"

"ਨਹੀਂ, ਛੱਡੀ ਨਹੀਂ ਲਗਦੀ?"

"ਨਹੀਂ ਦੀਨ ਦਿਆਲ, ਹਣ ਤਾਂ ਅਸਲੋਂ ਨਹੀਂ!"

"ਅੱਛਾ ਮੈਂ ਪੰਜ ਦਿਨਾਂ ਤਕ ਫੇਰ ਵੇਖਾਂਗਾ!"

ਸਿੱਖ ਤਰਲਾ ਲਵੇ: ਇਕ ਮਿੰਟ ਮੇਰੇ ਘਰ ਚਲੋ। ਸਤਿਗੁਰੂ ਜੀ ਇਨਕਾਰ ਕਰਨ। ਉਹ ਇਸਰਾਰ ਕਰੇ। ਮਿੰਟ ੬ ਬੀਤ ਗਏ। ਸਤਿਗੁਰਾਂ ਬਚਨ ਕੀਤਾ: ਅੱਜ ਨਹੀਂ, ਫੇਰ ਕਦੇ ਆਵਾਂਗਾ।

ਅੜੀ ਛੱਡੀ ਤੁਰ ਪਈ।

ਸਤਿਗੁਰੂ ਜੀ ਦਸਿਆ: ਇਹ ਸਤਿਗੁਰੂ ਦੇ ਸਾਧ ਸੰਗਤ ਤੋਂ ਦੂਰ ਰਹਿਣ ਦੇ ਨਤੀਜੇ ਨੇ। ਸ਼ਰਾਬ ਦਾ ਆਦੀ



Sri Satguru Jagjit Singh Ji eLibrary NamdhariElibrary@gmail.com

ਹੋ ਗਿਆ ਏ । ਨੇੜੇ ਆਏ ਫਿਰ ਦੂਰ ਹੋ ਗਏ । ਘਰ ਵਿਚ ਸ਼ਰਾਬ ਨੇ ਘਰ ਕਰ ਲਿਆ ।

ਏਹੋ ਜਿਹਾ ਇਕ ਕੇਸ ਮਹਿੰਦਰ ਸਿੰਘ ਹੁਰਾਂ ਦੇ ਬਣਦੇ ਮਕਾਨ ਕੋਲ ਵੀ ਹੋ ਗਿਆ । ਸਤਿਗੁਰਾਂ ਇਕ ਨੌਜਵਾਨ ਨੂੰ ਮੇਰੇ ਨਜ਼ਦੀਕ ਬੁਲਾਇਆ । ਸਾਂਵਲਾ ਰੰਗ, ਉਚਾ ਲੰਮਾ ਕੱਦ, ਕਾਲੀ ਦਾੜ੍ਹੀ । ਸਤਿਗੁਰਾਂ ਦਸਿਆ : ...ਦਾ ਲੜਕਾ ਹੈ । ਇਸਨੂੰ ਸ਼ਰਾਬ ਦੀ ਲਤ ਪੈ ਗਈ । ਘਰ ਵਾਲਿਆਂ ਮੈਨੂੰ ਸ਼ਕਾਇਤ ਕੀਤੀ ਕਿ ਲੜਕਾ ਬਚਾਓ, ਮਰ ਚੱਲਿਆ ਜੇ । ਮੈਂ ਕਿਹਾ—ਭੈਣੀ ਸਾਹਿਬ ਘੱਲ ਦਿਓ । ਅੱਜ ਇਹਦੇ ਵਿਚ ਜਿੰਦ ਹੈ । ਮਹੀਨਾ ਹੋ ਗਿਆ ਏ ਸ਼ਰਾਬ ਦੇ ਨੇੜੇ ਨਹੀਂ ਗਿਆ । ਡੁਬ ਚਲਿਆ ਸੀ ਸ਼ਰਾਬ ਵਿਚ ਪਰ ਸਤਿਗੁਰਾਂ ਕਿਰਪਾ ਕਰ ਦਿਤੀ ਏ । ਲੜਕੇ ਦਾ ਨਾਂ ਗੁਰਦਿਆਲ ਸਿੰਘ ਹੈ ।

## ਅਜੀਤ ਸਿੰਘ ਨਾਲ ਪਿਆਰ

ਸਮਰਾਲਾ ਰੋਡ ਤੇ ਪੈਂਦਿਆਂ ਹੀ ਕਾਰ ਫਿਰ ਰੁਕਵਾ ਲਈ । ਕਿਹਾ : ਅਜੀਤ ਸਿੰਘ ਆਉਂਦਾ ਹੈ । ਅਜੀਤ ਸਿੰਘ ਆਇਆ । ਤਾਕੀ ਖੋਲ੍ਹ ਕੇ ਦਰਸ਼ਨ ਦਿਤੇ । ਪੁਛਿਆ : ਕਿਵੇਂ ਆਇਐਂ ਤੇ ਕਿਥੋਂ ਆਇਆ ਏਂ ?

"ਭੈਣੀ ਸਾਹਿਬੋਂ ਆਇਆ ਹਾਂ ਜੀ !"

"ਕਿਉਂ, ਕੀ ਗੱਲ ਸੀ ?"

"ਦੀਨ ਦਿਆਲ, ਆਟਾ ਦਾਲਾ ਲੈਣ ਗਿਆ ਸਾਂ !"

"ਲੈ ਆਂਦਾ ਹੈ ?"

"ਹਾਂ ਜੀ !"

ਉਸ ਦੇ ਤੁਰ ਜਾਣ ਬਾਦ, ਦੱਸਿਆ : ਇਸਨੂੰ ਨਾਮਧਾਰੀ ਧਰਮਸਾਲਾ, ਲੁਧਿਆਣਾ, ਸੰਭਾਲ ਦਿਤੀ ਹੈ । ਖਾਵੇ ਪੀਵੇ ਮੌਜ ਕਰੇ । ਆਏ ਗਏ ਦੀ ਸੇਵਾ ਸਿਦਕ ਨਾਲ ਕਰੇ ਤਾਂ ਇਸਨੂੰ ਕਿਸੇ ਗੱਲ ਦਾ ਘਾਟਾ ਨਹੀਂ ਰਹੇਗਾ । ਇਹਦੀ ਸਿੰਘਣੀ ਨੇ ਕਿਹਾ ਸੀ ਕਿ ਇਹਨਾਂ ਨੂੰ ਮਹੀਨੇ ਦਾ ਖਰਚਾ ਕਿਵੇਂ ਮਿਲਿਆ ਕਰੂ । ਮੈਂ ਉਸਨੂੰ ਸਮਝਾਇਆ ਕਿ ਜੇ ਠੀਕ ਢੰਗ ਨਾਲ ਚਲੇ ਤੇ ਅਤਿਥੀਆਂ ਦਾ ਸੇਵਾ ਸਤਿਕਾਰ ਕਰੇ ਤਾਂ ਕੋਈ ਘਾਟਾ ਨਹੀਂ ।

ਇਹ ਅਜੀਤ ਸਿੰਘ ਉਹ ਸੱਜਣ ਹੈ ਜੋ ਕਦੇ ਭੈਣੀ ਸਾਹਿਬ ਵਿਖੇ ਆਰਾ ਮਸ਼ੀਨ ਦੀ ਸੇਵਾ ਕੀਤਾ ਕਰਦਾ ਸੀ । ਬਾਹਰੋਂ ਆਏ ਪ੍ਰਾਹੁਣਿਆਂ ਨੂੰ ਜਿਵੇਂ ਇਹ ਸੇਵਾ ਸਤਿਕਾਰ ਨਾਲ ਸੰਤੁਸ਼ਟ ਕਰਦਾ ਸੀ, ਸਤਿਗੁਰੂ ਜੀ ਤੇ ਮਹਾਰਾਜ ਜੀ ਇਸ ਤੇ ਬੜੇ ਪ੍ਰਸੰਨ ਸਨ । ਪਰ, ਫਿਰ ਇਹ ਆਪਣੇ ਘਰ ਦੀ ਸੰਭਾਲ ਵਾਸਤੇ ਆਪਣੇ ਪਿੰਡ ਹਕੀਮਪੁਰ ਚਲਾ ਗਿਆ ।

## ਕੁਲਵੰਤ ਸਿੰਘ ਮੰਡੀ

ਅਜੇ ੧੫ ਮਿੰਟ ਹੀ ਸਫ਼ਰ ਕੀਤਾ ਹੋਵੇਗਾ ਕਿ ਇਕ ਜੀਪ ਚੰਡੀਗੜ੍ਹ ਵਲੋਂ ਆਉਂਦੀ ਕੋਲ ਆਕੇ ਰੁਕ ਗਈ । ਸਾਡੀ ਕਾਰ ਰੁਕੀ ਤਾਂ ਇਕ ਮਿੰਟ ਵਿਚ ਹੀ ਇਕ ਗੋਰਾ ਨਛੋਹ ਚਤਰ ਨਾਮਧਾਰੀ, ਭਰਵਾਂ ਪਰ ਦਰਮਿਆਨੇ ਕੱਦ ਦਾ ਨਾਮਧਾਰੀ ਪਹਿਰਾਵੇ ਵਿਚ ਛਬਦਾ ਗੁਰੂ ਜੀ ਵਾਲੇ ਪਾਸੇ ਬਾਰੀ ਕੋਲ ਆ ਗਿਆ । ਤਾਕੀ ਖੁਲੀ । ਭੇਟਾ ਚਰਨਾਂ ਤੇ ਰਖ ਉਸ ਨੇ ਮੱਥਾ ਟੇਕਿਆ ।

ਸਤਿਗੁਰਾਂ ਉਸਦੇ ਨਾਮਧਾਰੀ ਲਿਬਾਸ ਤੇ ਦਿੱਖ ਦੀ ਪ੍ਰਸੰਸਾ ਕੀਤੀ ਤੇ ਨਾਲ ਹੀ ਪੁਛਿਆ ਏਥੇ ਕੀ ਕਰਨ ਲਈ ਆ ਰਹੇ ਹੋ ? ਉਸ ਦੱਸਿਆ ਕਿ ਉਹ ਮਸ਼ੀਨਾਂ, ਇੰਜਨ ਆਦਿ ਲਈ ਏਥੇ ਆਉਂਦਾ ਹੈ । ਸਤਿਗੁਰਾਂ ਪੁੱਛਿਆ : ਛੋਟੀ ਚੱਕੀ ਕਿਥੋਂ ਮਿਲੇਗੀ ? ਉਸ ਰਾਜਸਥਾਨ ਜਾਂ ਦਿੱਲੀ ਦਾ ਨਾਮ ਲਿਆ । ਸਤਿਗੁਰਾਂ ਬਚਨ ਕੀਤਾ : ਪਤਾ ਕਰਕੇ ਐਡਰੈਸ ਭੇਜੀਂ, ਸਾਨੂੰ ਲੋੜ ਹੈ ।

ਇਸ ਨਾਲ ਦੋ ਸਰਦਾਰ ਤੇ ਇਕ ਸੋਨੀ ਹੋਰ ਵੀ ਨਮਸਕਾਰ ਕਰਨ ਲਈ ਆ ਗਏ । ਸਿੰਘ ਵਿਦਾ ਹੋਇਆ ਤਾਂ ਚਲਦੀ ਗੱਡੀ ਵਿਚ ਮੈਂ ਜਾਣਕਾਰੀ ਚਾਹੀ । ਸਤਿਗੁਰਾਂ ਦੱਸਿਆ : ਇਹਦਾ ਨਾਂ ਕੁਲਵੰਤ ਸਿੰਘ ਹੈ । ਆਪਣੇ ਪਰਵਾਰ ਵਿਚੋਂ ਸਾਰੇ, ਇਹ ਵਧੇਰੇ ਨੇੜੇ ਹੈ । ਮੰਡੀ ਵਿਚ ਉਸ ਤ੍ਰਿਕੋਣ ਤੇ ਇਹਨਾਂ ਦੀ ਇੰਜਨਾਂ ਅਤੇ ਰੇਡੀਓ ਆਦਿ ਦੀ ਇਕ ਤਕੜੀ ਦੁਕਾਨ ਹੈ । ਜਿਹੜੇ ਤ੍ਰਿਕੋਣ ਤੋਂ ਰਵਾਲਸਰ ਨੂੰ ਸੜਕ ਜਾਂਦੀ ਹੈ ।

## ਰੋਪੜ ਨਹਿਰ ਨੂੰ

ਕੁਛ ਚਰਚਾ ਗੜ੍ਹਵਾਲ ਤੇ ਹੋਈ । ਅਤੇ ਮੈਂ ਆਪਣੀ ਇਕ ਕਹਾਣੀ ਸ: ਗੁਰਬਚਨ ਸਿੰਘ ਤੇ ਲਿਖੀ ਸੁਣਾਣੀ ਸ਼ੁਰੂ ਕੀਤੀ । ਭੈਣੀ ਸਾਹਿਬ ਨੂੰ ਜਾਣ ਵਾਲੀ ਸੜਕ ਆ ਗਈ ਤਾਂ ਹੁਕਮ ਹੋਇਆ ਡਰਾਈਵਰ ਨੂੰ ਨਹਿਰ ਤੇ ਚਲੋ । ਮੇਰੀ ਕਹਾਣੀ ਖ਼ਤਮ ਹੋਣ ਤੇ ਸਤਿਗੁਰਾਂ ਪ੍ਰਸੰਸਾ ਕੀਤੀ : ਸੁਣਾਣਾ ਗੁਰਬਚਨ ਸਿੰਘ ਤੇ ਲਿਖਣਾ ਕਵੀ ਹੁਰਾਂ ਦਾ !

ਨਹਿਰ ਦੇ ਡੇਰੇ ਪਾਸ, ਪੂਰਬੀ ਕਿਨਾਰੇ ਤੇ ਫਰਲਾਂਗ ਕੁ ਅੱਗੇ ਜਾਕੇ ਕਾਰ ਰੁਕੀ । ਸਤਿਗੁਰੂ ਜੀ ਗੱਡੀ ਛਾਵੇਂ ਰੁਕਵਾ, ਆਪਣੇ ਬਸਤਰ ਉਤਾਰ, ਵਗਦੀ ਰੋਪੜ ਨਹਿਰ ਵਿਚ ਕੁੱਦ ਪਏ । ਨਾਲ ਹੀ ਪੂਰਬੇ ਨੇ ਛਾਲ ਮਾਰ ਦਿਤੀ । ਅਸੀਂ ਗੱਡੀ ਲੈਕੇ ਫਰਲਾਂਗ ਕੁ ਪਿਛਾਂਹ ਆਏ । ਸਤਿਗੁਰੂ ਜੀ ਤੇ ਸੇਵਕ


Sri Satguru Jagjit Singh Ji eLibrary NamdhariElibrary@gmail.com

ਪੁਰਖਾ ਤੜਕੇ ਪਿੱਛੋਂ ਹੀ ਆਏ। ਗੱਡੀ ਦੀ ਡਿੱਬੀ ਚੋਂ ਇਕ ਥੈਂਕੀ ਕਢ ਲਿਆਂਦੀ ਗਈ। ਧੋ ਕੇ ਸੁੱਚੀ ਕੀਤੀ ਗਈ। ਸਤਿਗੁਰੂ ਜੀ ਨਹਿਰ ਚੋਂ ਨਿਕਲ ਥੈਂਕੀ ਤੇ ਖਲੋਤੇ ਤਾਂ ਸੇਵ ਪੁਰਖਾ ਨੇ ਫੇਰ ਜਲ ਚਰਨਾਂ ਤੇ ਪਾਇਆ। ਖੱਦਰ ਦੇ ਪਰਨੇ ਨਾਲ ਸਰੀਰ ਸੁਕਾ, ਦੂਜਾ ਪਰਨਾ ਤੇੜ ਵਲ੍ਹੇਟ ਇਕ ਪਾਉਂਚਾ ਕਛਿਹਰੇ ਦਾ ਲਾਹ ਦੂਜੇ ਦਾ ਇਕ ਪਾਉਂਚਾ ਪਾ, ਕਛਹਿਰਾ ਬਦਲਿਆ। (ਨਾਮਧਾਰੀ ਏਸੇ ਮਰਿਆਦਾ ਦੇ ਧਾਰਨੀ ਹਨ। ਇਹ ਕਦੇ ਦੋਵੇਂ ਪਉਂਚੇ ਇਕੋ ਵਾਰ ਨਹੀਂ ਲਾਹੁੰਦੇ।) ਰੇਸ਼ਮੀ ਬਸਤਰ ਪਹਿਨ, ਸਿਰ ਤੇ ਸੁੱਚੀ ਛੋਟੀ ਦਸਤਾਰ ਵਲ੍ਹੇਟ, ਗੱਡੀ ਵਿਚ ਆ ਬੈਠੇ।

ਚਲਦੀ ਗੱਡੀ ਵਿਚ ਮੈਂ ਪੁੱਛਿਆ : ਏਥੋਂ ਡੇਰੇ ਦੀ ਕਿੰਨੀ ਕੁ ਜ਼ਮੀਨ ਹੈ?

"ਸੌ ਏਕੜ ਦੇ ਕਰੀਬ।"

"ਅੱਗੇ ਨਾਲੋਂ ਕੁਝ ਤਰੱਕੀ ਹੋਈ ਹੋਵੇਗੀ?"

"ਨਹੀਂ, ਅਪਣੇ ਬਚਪਨ ਵਰਗਾ ਹੀ ਹੈ।"

### ਅਦੁੱਭੁਤ ਕਹਾਣੀ

ਬਚਪਨ ਦਾ ਸ਼ਬਦ ਵਰਤਦਿਆਂ ਹੀ ਜਿਵੇਂ ਸ੍ਰੀ ਹਜ਼ੂਰ ਦੇ ਸੰਮੁਖ ਬਚਪਨ ਦੀਆਂ ਯਾਦਾਂ ਦੀ ਪਟਾਰੀ ਖੁਲ੍ਹ ਗਈ ਹੋਵੇ। ਇਕ ਘਟਨਾ ਨੋਟ ਹੈ :

"ਨਹਿਰੋਂ ਪਾਰ ਸ਼ੇਰ ਦੀ ਹਦੂਦ ਨਾਲ ਸੰਬੰਧਤ ਨਹਿਰ ਕਿਨਾਰੇ ਲੱਗੇ ਅੰਬ ਦੇ ਰੁਖਾਂ ਵਿਚ ਚੋਸੇ ਅੰਬ ਪਾਸ ਅਸੀਂ ੧੫-੧੬ ਵਿਦਿਆਰਥੀ ਚਲੇ ਸਾਂ। ਮੈਂ ਕੁਰਤਾ ਪਜਾਮਾ ਤੇ ਦਸਤਾਰ ਸਜਾਈ ਤਿਆਰ ਬਰ-ਤਿਆਰ ਹੋਇਆ ਇਸ ਪਾਰ ਵੇਖ ਰਿਹਾ ਸਾਂ ਕਿ ਉਹਨਾਂ ਵਿਚੋਂ ਕਿਸੇ ਨੇ ਅਚਾਨਕ ਮੈਨੂੰ ਨਹਿਰ ਵਿਚ ਧੱਕਾ ਦੇ ਦਿਤਾ। ਤਰਨਾ ਤਾਂ ਮੈਨੂੰ ਆਉਂਦਾ ਹੀ ਸੀ। ਮੈਂ ਤਰਕੇ ਬਾਹਰ ਨਿਕਲ ਆਇਆ। ਪਰ ਥੋੜ੍ਹਾ ਸਮਾਂ ਬਹੁਤ ਮੌਜ ਬਣਿਆ। ਪਰ ਸਭ ਤੋਂ ਸੁਆਦਲੀ ਗੱਲ ਇਹ ਹੈ ਕਿ ਉਹਨਾਂ ਦੇ ਏਕੇ ਨੇ ਅੱਜ ਤੱਕ ਇਹ ਪਤਾ ਨਹੀਂ ਲਗਣ ਦਿਤਾ ਕਿ ਧੱਕਾ ਕਿਸ ਨੇ ਦਿਤਾ ਸੀ। ਮੈਂ ਵੀ ਖੜਾ ਹਿਸਾਬ ਕਿਤਾਬ ਲਾਉਂਦਾ ਹਾਂ ਪਰ ਕਿਸੇ ਤੇ ਉਂਗਲੀ ਨਹੀਂ ਰਖੀ ਗਈ।

### ਘਰੋਗੀ ਗੱਲਾਂ

ਇਕ ਸੱਜਣ ਦਲੀਪ ਸਿੰਘ ਨਹਿਰ ਦੇ ਕਿਨਾਰੇ ਖਲੋਤਾ ਸੀ। ਉਸਨੇ ਕਿਸੇ ਨਾਲ ਵਕਤ ਮੁਕੱਰਰ ਕੀਤਾ ਹੋਇਆ ਸੀ, ਦਸ਼ ਆਖੋ (ਕਾਰ ਨਹਿਰ ਕੰਢੇ) ਦਰਸ਼ਨ ਕਰਨ ਦਾ, ਉਹ ਨਾ ਆਇਆ। ਦਲੀਪ ਸਿੰਘ ਨੇ ਮੇਰੀ ਪਹਾੜ (ਤੁੰਗਰ) ਵਾਲੀ ਲੜਕੀ ਕੁਲਵੰਤ ਦਾ ਜ਼ਿਕਰ ਕਰਦੇ ਆਖਿਆ : ਉਸ ਤੇ ਸਤਿਗੁਰਾਂ ਦੀ ਬੜੀ ਕਿਰਪਾ ਹੈ। ਉਸ ਦੇ ਸੇਵਾ ਕਰਨ ਵਿਚ ਸਤਿਕਾਰ ਤੇ ਪਿਆਰ ਏਨੇ ਘੁਲੇ ਹੋਏ ਹੁੰਦੇ ਹਨ ਕਿ ਬੰਦਾ ਤਾਰੀਫ਼ ਕਰ ਕਰ ਰਜਦਾ ਨਹੀਂ। ਸਤਿਗੁਰੂ ਜੀ ਨੂੰ ਮੈਂ ਪਰਵਾਰਕ ਜੀਵਨ ਦੀ ਗੱਲ ਸੁਣਾ ਦਿਤੀ ਕਿ ਮੇਰੀਆਂ ੫ ਧੀਆਂ ਅਤੇ ੨ ਲੜਕੇ ਕਦੇ ਵੀ ਮੇਰੀ ਦੁਬਿਧਾ ਜਾਂ ਬੇਸੁਆਦੀ ਦਾ ਕਾਰਨ ਨਹੀਂ ਬਣੇ। ਅਤੇ ਅਰਜ਼ ਕੀਤੀ : ਜਦ ਵੀ ਕਦੇ ਜੰਡੇ ਤੋਂ ਫ਼ੀਰੋਜ਼ਪੁਰ ਵੱਲੀ ਸੜਕੇ (ਨਾ ਹੀ ਕੱਚੀ ਹੈ ਉਂਜ ਪੱਕੀ ਹੈ) ਜਾਓ ਤਾਂ ਸੁਰ ਸਿੰਘ ਵਾਲੇ ਮੇਰੇ ਦੂਜੇ ਜੁਆਈ ਗੁਰਬ ਸਿੰਘ ਨੂੰ ਦਰਸ਼ਨ ਦੇਣਾ ਨਾ ਭੁਲਣਾ। ਉਹ ਆਪ ਜੀ ਦੇ ਦਰਸ਼ਨ ਕਰਕੇ ਸੌਖਿਆ ਜਾਵੇਗਾ।

ਸਫ਼ਰ ਕਰਦਿਆਂ ਹੀ ਸਤਿਗੁਰੂ ਜੀ ਨੇ ਮੇਰੇ ਘਰ ਬਾਰੇ ਪੁਛਿਆ : ਉਪਰ ਜਗਾਹ ਬਣਨ ਵਾਲੀ ਹੈ ਹੋਰ?

"ਪੁਰੀਆਂ ਦੇ ਹੱਟਾਂ ਹੋਰ ਉਸਾਰੀ ਹੋ ਸਕਦੀ ਹੈ।"

"ਨਕਸ਼ਾ ਬਣਵਾ ਲਓ!"

"ਸ: ਗੁਰਚੇਤ ਸਿੰਘ ਨੇ ਹੀ ਬਣਾਇਆ ਸੀ!"

"ਉਹ ਘਰ ਵੇਖ ਗਿਆ ਹੈ?"

"ਹਾਂ ਜੀ, ਉਹਦੀ ਕਹਾਣੀ ਘਰ ਹੀ ਬੈਠ ਕੇ ਸੁਣੀ ਸੀ, ਜੋ ਅੱਜ ਆਪ ਜੀ ਨੂੰ ਸੁਣਾਈ ਹੈ। ਓਦੋਂ ਉਹਨਾਂ ਮੇਰੇ ਮਕਾਨ ਨੂੰ ਅੰਦਰੋਂ ਜ਼ਰਾ ਗਹੁ ਨਾਲ ਵੇਖ ਲਿਆ ਸੀ।"

ਭੈਣੀ ਸਾਹਿਬ ਆਏ ਤਾਂ ਗੱਡੀਓਂ ਉਤਰਦਿਆਂ ਹੀ ਆਪ ਕੋਠੀ ਵਾਲੇ ਲੰਗਰ ਨੂੰ ਹੋਏ, ਮੈਂ ਏਥੋਂ ਹੀ ਨਮਸਕਾਰ ਕਰ ਬਾਹਰ ਨੂੰ ਆ ਗਿਆ।

### ਸ਼ਾਮ ਦਾ ਦੀਵਾਨ

ਫੇਰ ਦਰਸ਼ਨ ਹਰੀ ਮੰਦਰ ਵਿਚ ਨਾਮ ਸਿਮਰਨ ਕਰਦਿਆਂ ਦੇ ਹੋਏ। ਆਪ ਜੀ ਨੇ ਇਕ ਰੁੱਕਾ ਲਿਖ ਭੇਜਿਆ :

ਹਰਿਕ੍ਰਿਸ਼ਨ ਪ੍ਰਦਾਸ਼
ਗੁਰਿੰਦ ਨਾਮਾ
ਦਾ ਮੂਲ ਕਿਵੇਂ ਮਿਲੇ
ਜਿਥੋਂ ਤਕ ਮੈਨੂੰ ਪਤਾ ਹੈ
ਹੁਸ਼ਿਆਰਪੁਰੋਂ ਨਹੀਂ ਪਤਾ ਮਿਲਿਆ

ਨਾਮ ਸਿਮਰਨ ਉਪਰੰਤ ਅੱਧਾ ਘੰਟਾ ਕੀਰਤਨ ਹੋਇਆ ਅਤੇ ਫਿਰ ਸਤਿਗੁਰੂ ਜੀ ਕਾਰ ਦੁਆਰਾ ਨਹਿਰ ਤੇ ਘੁੰਮਣ



Sri Satguru Jagjit Singh Ji eLibrary NamdhariElibrary@gmail.com

ਫਿਰਨ ਲਈ ਚਲੇ ਗਏ ਨਾਲ ਡਰਾਈਵਰ ਤੋਂ ਬਿਨਾਂ ਕੇਵਲ ਪੂਰਬਾ ਸੀ ।

### ਮਨੋਹਰ ਦੀ ਮਨੋਹਰਤਾ

ਸਵੇਰੇ ਲੁਧਿਆਣੇ, ਸ: ਮਹਿੰਦਰ ਸਿੰਘ ਵਾਸਤੇ ਬਣਦੇ ਮਕਾਨ ਪਾਸ ਚਲਦਿਆਂ ਮਚੋ ਪਾਤਸ਼ਾਹ ਜੀ ਨੇ ਦਸਿਆ ਕਿ ਇਸ ਮਕਾਨ ਤੇ ਖਰਚ ਆਉਣ ਵਾਲੀਆਂ ਸਾਰੀਆਂ ਇੱਟਾਂ ਮਨੋਹਰ ਸਿੰਘ (ਮਿੱਤ ਨਗਰ) ਨੇ ਆਪਣੇ ਭੱਠੇ ਤਾਂ ਭੇਜੀਆਂ ਹਨ । ਜਦੋਂ ਪੈਸਿਆਂ ਬਾਰੇ ਪੁਛਿਆ ਤਾਂ ਮਨੋਹਰ ਸਿੰਘ ਕਹਿਣ ਲਗਾ : ਜੇ ਆਪ ਜੀ ਦੇ ਹੁਕਮ ਨਾਲ ਕੁਝ ਬਣਨਾ ਹੋਵੇ ਤਾਂ ਇੱਟਾਂ ਦਾ ਮੁੱਲ ਕਾਹਦਾ ? ਆਪ ਜੀ ਦਾ ਹੁਕਮ ਹੀ ਇਨ੍ਹਾਂ ਦਾ ਮੁੱਲ ਹੈ ।

### ਮਾਤਾ ਜੀ ਬਾਰੇ...

ਸਾਮੀਂ ਪ੍ਰੀਤਮ ਸਿੰਘ ਡਰਾਈਵਰ ਨੇ ਦੱਸਿਆ : ਸਤਿਗੁਰੂ ਜੀ ਆਸਾ ਦੀ ਵਾਰ ਦੇ ਕੀਰਤਨ ਵਿਚ ਭਾਗ ਲੈਣੋਂ ਨਹੀਂ ਰਹਿੰਦੇ । ਸਿਹਤ ਅਜੇ ਇਹ ਆਗਿਆ ਨਹੀਂ ਦਿੰਦੀ । ਆਸਾ ਦੀ ਵਾਰ ਗਾਉਂਦੇ ਕਾਫ਼ੀ ਜ਼ੋਰ ਲਗਦਾ ਹੈ । ਅੰਮ੍ਰਿਤ ਵੇਲੇ ਵੀ ੧.੩੦, ਦੋ ਵਜੇ ਜ਼ਰੂਰ ਉਠ ਬਹਿੰਦੇ ਹਨ । ਅੱਜ ਡੇਢ ਵਜੇ ਉਠੇ ਤਾਂ ਪਤਾ ਲਗਾ ਕਿ ਮਾਤਾ ਜੀ ਰਾਤੀਂ ਭੈਣੀ ਸਾਹਿਬ ਨਹੀਂ ਪਹੁੰਚੇ । ਤੁਰਤ ਇਕ ਗੱਡੀ ਲੁਧਿਆਣੇ ਭੇਜੀ : ਜਾਕੇ ਪਤਾ ਕਰੋ ਕਿਤੇ ਰਾਹ ਵਿਚ ਹੀ ਉਹਨਾਂ ਦੀ ਗੱਡੀ ਖਰਾਬ ਨਾ ਹੋ ਗਈ ਹੋਵੇ ! ਉਸੇ ਵੇਲੇ ਮਾਤਾ ਜੀ ਲੁਧਿਆਣਿਓਂ ਆ ਗਏ । ਸਵੇਰੇ ਫਿਰ ਓਥੇ ਕੰਮ ਕਰਦੇ ਸਿੰਘਾਂ ਦਾ ਲੰਗਰ ਲੈ ਕੇ ਗਏ ।

### ਕੋਇਲਾਂ ਤੇ ਕੁਕੜ

ਕਹਿਣ ਤੇ ਕਿਆਂ ਸਤਿਗੁਰੂ ਜੀ ਨੇ ਭੈਣੀ ਸਾਹਿਬ ਬਾਰੇ ਇਕ ਬਚਨ ਕੀਤਾ : ਭੈਣੀ ਸਾਹਿਬ ਵਿਚ ਇਕ ਸੰਗਲੀ ਕੁਕੜ ਅਤੇ ਦੋ ਤਿੰਨ ਕੋਇਲਾਂ ਪੂਰੇ ਡੇਢ ਵਜੇ ਰਾਤੀਂ ਮਿਲਕੇ ਬੋਲਦੇ ਹਨ । ਜਦੋਂ ਵੀ ਕਿਸੇ ਇਹ ਸਮਝਿਆ ਹੈ ਕਿ ਅੱਜ ਸੁੱਤੇ ਪਿਆਂ ਹੀ ਦਿਨ ਚੜ੍ਹ ਗਿਆ ਹੈ, ਘੜੀ ਵੇਖਿਆਂ ਪਤਾ ਲਗਦਾ ਹੈ ਕਿ ਅਜੇ ਤਾਂ ਡੇਢ ਹੀ ਵੱਜਿਆ ਹੈ । ਨਾਰਦਦ ਡੇਢ ਵਜੇ ਵਾਲੇ ਹੀ ਬੋਲੇ ਹਨ ।

ਰਾਤੀਂ ਮਹਾਰਾਜ ਬੀਰ ਸਿੰਘ ਜੀ ਤੋਂ ਆਗਿਆ ਲਈ ਕਿ ਮੈਂ ਸਵੇਰੇ ਦਿੱਲੀ ਚਲਿਆ ਜਾਵਾਂ । ਉਹਨਾਂ ਕਿਹਾ : ਮੁਖ ਮੰਤਰੀ ਬਾਦਲ ਨੂੰ ਕਲ੍ਹ ੮ ਵਜੇ ਸਵੇਰੇ ਮਿਲਣਾ ਹੈ, ਚੰਡੀਗੜ੍ਹ ਤੂੰ ਨਾਲ ਚੱਲੀਂ । ਫੇਰ ਦਿੱਲੀ ਦੀ ਬੱਸ ਫੜ ਲਈਂ ।

ਫੇਰ ਸਤਿਗੁਰਾਂ ਦੇ ਦਰਸ਼ਨ ਕਰਨ ਉਸਤਾਦ ਹਰਭਜਨ ਸਿੰਘ ਨਾਲ ਗਿਆ ਤਾਂ ਆਪਣੀ ਫ਼ਰਕਬਾਰੀ ਦੀਆਂ ਕੈਸੇਟਾਂ ਸੁਣ ਰਹੇ ਸਨ । ਹਰਭਜਨ ਸਿੰਘ ਨੇ ਦੱਸਿਆ : ਰਾਤੀਂ ੯ ਵਜੇ ਇਸ਼ਨਾਨ ਕਰਕੇ ਬਿਰਾਜਣਗੇ । ਮੈਂ ਵੀ ਦਿੱਲੀ ਜਾਣ ਦੀ ਛੁੱਟੀ ਲੈ ਲਈ ਹੈ ।

ਬੇਬੇ ਦਲੀਪ ਕੌਰ ਜੀ ਦੀ ਉਦਾਰਤਾ ਵਾਰ ਵਾਰ ਸਪੱਸ਼ਟ ਹੁੰਦੀ ਰਹੀ । ਉਹ ਮੇਰੇ ਖਾਣ ਪੀਣ ਦਾ ਧਿਆਨ ਪੂਰਵਕ ਪ੍ਰਯਤਨ ਕਰਦੇ ਰਹੇ । ਪਰ ਮੈਨੂੰ ਉਹਨਾਂ ਨੂੰ ਖੇਚਲ ਦੇਣ ਦੀ ਲੋੜ ਨਹੀਂ ਪਈ ।

ਰਾਤ ੧੦ ਵਜੇ ਤਾਂ ਠਾਕੁਰ ਸਮਸ਼ੇਰ ਸਿੰਘ ਜੀ ਆਪਣੀ ਮਾਤਾ ਸਰਵੰਤ ਕੌਰ ਜੀ ਨਾਲ ਸਤਿਗੁਰੂ ਜੀ ਦੀ ਸਿਹਤ ਦਾ ਪਤਾ ਕਰਨ ਵਾਸਤੇ ਦਿੱਲੀਓਂ, ਸੰਤ ਗੁਰਬਚਨ ਸਿੰਘ ਦੀ ਕੋਠੀ ਕਾਰ ਡਰਾਈਵਿੰਗ ਨਾਲ ਆਏ ।

## ੧੩ ਜੁਲਾਈ ੧੯੭੮ ਵੀਰਵਾਰ
## ਚੰਡੀਗੜ੍ਹ

### ਮੁਖ ਮੰਤਰੀ ਬਾਦਲ ਨਾਲ ਮੁਲਾਕਾਤ

ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠਕੇ, ਭੈਣੀ ਸਾਹਿਬ ਹੀ ਸੁਣਿਆ । ਮਹਾਰਾਜ ਜੀ ਤੋਂ ਪਤਾ ਲਗਾ ਕਿ ੮.੦੦ ਤੋਂ ਬਾਅਦ ਕਿਸੇ ਮੌਕੇ ਵੀ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਿਆ ਜਾ ਸਕਦਾ ਹੈ । ਮੈਨੂੰ ੬.੧੫ ਵਜੇ ਤਕ ਮਹਾਰਾਜ ਜੀ ਪਾਸ ਜਾਣਾ ਜ਼ਰੂਰੀ ਹੋ ਗਿਆ । ਬੇਬੇ ਜੀ ਨੇ ਦੁੱਧ ਪਰਾਉਂਠਿਆਂ ਦਾ ਪ੍ਰਬੰਧ ਕਰ ਦਿਤਾ ਸੀ । ੬.੪੫ ਵਜੇ ਮਹਾਰਾਜ ਜੀ, ਉਹਨਾਂ ਦਾ ਸੇਵਕ ਰਣਧੀਰ ਸਿੰਘ ਚੋਰਾ, ਮਾਸਟਰ ਨਿਹਾਲ ਸਿੰਘ ਜੀ ਅਤੇ ਪ੍ਰੀਤਮ ਸਿੰਘ ਕਾਰੀ ਚੰਡੀਗੜ੍ਹ ਨੂੰ ਚਲ ਪਏ । ਗੱਡੀ ਦੀ ਡਰਾਈਵਿੰਗ ਸੰਤ ਪ੍ਰੀਤਮ ਸਿੰਘ ਸਪੁੱਤਰ ਉਜਾਗਰ ਸਿੰਘ ਮਾਲੀ ਸ੍ਰੀ ਜੀਵਨ ਨਗਰ ਕਰ ਰਿਹਾ ਸੀ । ਗੱਡੀ ਚੁੱਪਚਾਪ ਹਲਕੀ ਜਿਹੀ ਘੂਕਰ ਦਿੰਦੀ ਚਲੀ ਜਾ ਰਹੀ ਸੀ, ਛੇਤੀ ਹੀ ਉਸਨੇ ਸਾਡੇ ਵਿਚੋਂ ਤਿੰਨ ਜਣਿਆਂ ਨੂੰ ਨੀਂਦ ਦੇ ਹਿੰਡੋਲੇ ਤੇ ਚੜ੍ਹਾ ਦਿਤਾ ।

ਦਿਨ ਬਦਲਵਾਈ ਵਾਲਾ, ਸੜਕ ਦੁਆਲੇ ਹਰਿਆਲੀ, ਕਿਤੇ ਕਿਤੇ ਪੀਲੇ ਫੁੱਲ, ਗੂੰਜਦੀ ਜਾਂਦੀ ਕਾਰ, ਸਭ ਕੁਝ ਹੀ ਇਕ ਸੁਖਦ ਅਨੁਭਵ ਸੀ । ਚੰਡੀਗੜ੍ਹ ਪਹੁੰਚੇ ਤਾਂ ਸਾਰੇ ਸੁਚੇਤ ਹੋ ਗਏ । ਚੰਡੀਗੜ੍ਹ ਦੀ ਨਹਾਤੀ ਧੋਤੀ ਖੜੀ ਵੇਖੀ ਦੁਲਹਨ



Sri Satguru Jagjit Singh Ji eLibrary NamdhariElibrary@gmail.com

ਵਧਦਾ ਲਗਾ । ਜਿਥੇ ਜਿਥੇ ਫਿਰੇ ਗਹਿਰੀ ਹਰਿਆਲੀ, ਮਧੂ ਕ੍ਰਮਨੀ ਦੇ ਮਹਿਕ-ਗੁਲਾਬੀ ਫੁਲ ਸੁਆਗਤ ਕਰਨ ਵਾਲਿਆਂ ਚੋਂ ਸਨ ।

ਚੀਫ ਮਨਿਸਟਰ ਦੀ ਕੋਠੀ ਵਲ ਜਾਂਦਿਆਂ ਜਦ ਵੱਡੀ ਸੜਕ ਤੋਂ ਗੁਜਰੇ ਤਾਂ ਚੁਰਾਸਤੀ ਤੇ ਸੰਕੇਤ ਸੀ । ਕਈ ਪਰਕਾਰ ਦੇ ਫੁੱਲਾਂ ਲਦੇ ਰੁਖ ਸ਼ਹਿਰ ਦੀ ਸੁੰਦਰਤਾ ਵਿਚ ਵਾਧਾ ਕਰ ਰਹੇ ਸਨ । ਸੱਜੇ ਹੱਥ ਦੂਰ ਫੈਲੀ ਸ਼ਿਵਾਲਕ ਪਹਾੜਾਂ ਦੀ ਰੇਖਾ ਜੋ ਹਰਿਆਲੀ ਨਾਲ ਢਕੀ ਹੋਈ ਲਗਦੀ ਸੀ, ਚੰਡੀਗੜ੍ਹ ਦੀ ਖੂਬਸੂਰਤੀ ਨੂੰ ਹੋਰ ਵੀ ਚਮਕਾ ਰਹੀ ਸੀ

ਸਾਨੂੰ ਸੰਤ ਮੰਗਲ ਸਿੰਘ ਨਾਮਧਾਰੀ ਦੇ ੧੯ ਸੈਕਟਰ ਵਿਚਲੇ ਮਕਾਨ ੨੨੭੦ ਵਿਚੋਂ ਲੁਧਿਆਣੇ ਦੇ ਸੁਰਿੰਦਰ ਸਿੰਘ ਤੇ ਸੰਪਾਦਕ ਰਿਹੋਜਿਆਰ ਮਿਲ ਪਏ ਸਨ । ਹੁਣ ਮੁਖ ਮੰਤਰੀ ਨੂੰ ਮਿਲਣ ਵਾਲਿਆਂ ਚੋਂ ਉਹ ਵੀ ਸਾਡੇ ਨਾਲ ਕਾਰ ਵਿਚ ਸਨ ।

੮.੪੫ ਸਵੇਰੇ ਅਸੀਂ ਮੁਖ ਮੰਤਰੀ ਦੀ ਕੋਠੀ ਵਿਚ ਸਾਂ । ਦਾਜ ਅਤੇ ਲਾਨ ਵਿਚ ਮੁਲਾਕਾਤੀਆਂ ਦੀ ਭੀੜ ਸੀ । ਦਿਨ ਠੰਡਾ ਹੋਣ ਕਰਕੇ ਬਾਹਰ ਬੈਠਣਾ ਖਲੋਣਾ ਜਰਨਯੋਗ ਸੀ । ਸ: ਬਾਦਲ ਦੇ ਪਰਸਨਲ ਸਕੱਤਰ ਦੇ ਕਮਰੇ ਵਿਚ ਦਾਖਲ ਹੋਏ ਤਾਂ ਏਥੇ ਵੀ ੫-੭ ਕੁਰਸੀਆਂ ਉਡੀਕਵਾਨਾਂ ਨੂੰ ਨਿਵਾਜ ਰਹੀਆਂ ਸਨ । ਇਸ ਕਮਰੇ ਵਿਚ ਦੋ ਜਣੇ—ਇਕ ਹਿੰਦੂ, ਇਕ ਸਿੰਘ—ਮੁਖ ਮੰਤਰੀ ਵਾਸਤੇ ਆਏ ਫੋਨ ਤੇ ਫੋਨ ਵਸੂਲ ਕਰ ਰਹੇ ਸਨ, ਕੁਝ ਆਪਣੇ ਵਲੋਂ ਵੀ ਕਹਿ ਕਰਾ ਰਹੇ ਸਨ । ਅਤੇ ਵਿਚੋਂ ਵਿਚੋਂ ਮੁਖ ਮੰਤਰੀ ਨਾਲ ਸਿੱਧੀ ਗੱਲ ਵੀ ਕਰਵਾ ਦਿੰਦੇ ।

ਨਾਲ ਦਾ ਇਕ ਹੋਰ ਕਮਰਾ ਵੀ ਮੁਖ ਮੰਤਰੀ ਨੂੰ ਮਿਲਣ ਦੇ ਚਾਹਵਾਨਾਂ ਨਾਲ ਭਰਪੂਰ ਸੀ । ੫-੭ ਮਿੰਟ ਤਕ ਸਾਨੂੰ ਅੰਦਰ ਬੁਲਾ ਲਿਆ ਗਿਆ । ਲਾਂਘੇ ਵਿਚ ਵੀ ਕੁਛ ਸੱਜਣ ਖੜੇ ਸਨ । ਜਾਂ ਅਸੀਂ ਮੁਖ ਮੰਤਰੀ ਵਾਲੇ ਕਮਰੇ ਵਿਚ ਗਏ ਤਾਂ ਵੇਖਿਆ ਦੂਰ ਦੀਵਾਰਾਂ ਨਾਲ ਰਖੇ ਸੋਫਿਆਂ ਉਤੇ ੧੫ ਕੁ ਜਣੇ ਹੋਰ ਵੀ ਬੈਠੇ ਸਨ । ਕੁਝ ਅਧਿਕਾਰੀ ਮੁਖ ਮੰਤਰੀ ਦੀ ਅਰਦਲ ਵਿਚ ਖੜੇ ਸਨ ।

ਮੁਖ ਮੰਤਰੀ ਸ: ਬਾਦਲ ਨੇ ਸਵੇਰ ਦੀ ਤਿਆਰੀ ਲਈ ਸਾਦੇ ਰੂਪ ਵਾਲਾ ਪੰਜਾਬੀ ਪਹਿਰਾਵਾ ਪਹਿਨਿਆ ਹੋਇਆ ਸੀ । ਪਰ ਮਹਾਰਾਜ ਜੀ ਦਾ ਉਠਕੇ ਸਤਿਕਾਰ ਕਰਦੇ ਹੋਇਆਂ ਉਸਨੇ ਵਾਲਾ ਖੋਲ ਦਿਤਾ । ਇਹ ਉਹਦੀ ਨਿਆਇਧ ਸੀ ਜੋ ਧਰਮ-ਅਧਾਰੀਆਂ ਨਾਲ ਗੱਲਬਾਤ ਸਮੇਂ ਮੂੰਹ ਬੰਨ੍ਹ ਕੇ ਰਖਣਾ ਚੰਗਾ ਨਹੀਂ



ਸ: ਪ੍ਰਕਾਸ਼ ਸਿੰਘ ਬਾਦਲ

ਜਾਣਦਾ । ੪੦-੪੫ ਦੀ ਉਮਰ ਦਾ ਹੋਵੇਗਾ ਅਕਾਲੀ-ਜਨਤਾ ਸਰਕਾਰ ਦਾ ਮੁੱਖ ਮੰਤਰੀ, ਸ: ਪ੍ਰਕਾਸ਼ ਸਿੰਘ ਬਾਦਲ । ਉਸਨੇ ਸਾਡੇ ਨਾਲ ਅੱਖ ਨਹੀਂ ਮਿਲਾਈ । ਮਹਾਰਾਜ ਜੀ ਨਾਲ ਸਤਿਕਾਰ ਵਟਾਕੇ ਬੈਠ ਗਿਆ । ਲੰਮੇ ਸੋਫੇ ਤੇ ਉਸਦੇ ਨਾਲ ਹੀ ਮਹਾਰਾਜ ਜੀ ਤੇ ਇਨ੍ਹਾਂ ਦੇ ਨਾਲ ਮਾਸਟਰ ਨਿਹਾਲ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ ਬੈਠ ਗਏ । ਗੱਲਬਾਤ ਕਰਦਿਆਂ ਉਸਨੇ ਇਕ ਦੋ ਵਾਰ ਫੋਨ ਵੀ ਸੁਣੇ । ਦੋ ਲਾਲ ਟੈਲੀਫੋਨਾਂ ਦੁਆਰਾ ਸੁਨੇਹੇ ਆ-ਜਾ ਰਹੇ ਹਨ । ਮੁਖ ਮੰਤਰੀ ਦੇ ਬੋਲਾਂ ਵਿਚ ਹਲੀਮੀ ਤੇ ਸਾਦਗੀ ਸੀ । ਹਾਂ ਜੀ, ਹਾਂ ਜੀ, ਨਹੀਂ ਜੀ, ਨਹੀਂ ਜੀ ਆਦਿ ਸਬਦ ਉਸ ਦੇ ਹਰ ਫਿਕਰੇ ਵਿਚ ਸਨ ।

ਅਸੀਂ ਮਹਾਰਾਜ ਜੀ ਤੋਂ ਜ਼ਰਾ ਹਟਵੇਂ ਬੈਠੇ ਹੋਏ ਸਾਂ । ਕਮਰਾ ਲੰਮੇ ਰੁਖ ਦਾ ਸੀ । ਸਾਹਮਣੀ ਦੀਵਾਰ ਤੇ ਭਗਵਾਨ ਬੁੱਧ ਦੀ ਤਾਂਬੇ ਦੀ ਡਾਢੀ ਕਲਾ ਦੀ ਪ੍ਰਤਿਮਾ ਟੰਗੀ ਹੋਈ ਸੀ । ਦੀਵਾਰ ਦੀ ਲੰਬਾਈ ਵਾਲੇ ਪਾਸੇ ਖੰਡੇ-ਕ੍ਰਿਪਾਨ-ਚੱਕਰ ਦਾ ਇਕ ਪ੍ਰਭਾਵਸ਼ਾਲੀ ਚਿੱਤਰ ਸੀ ਜਿਸ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਪ੍ਰਗਟ ਹੋ ਰਹੇ ਸਨ । ਇਕ ਪਾਸੇ ਰਾਣੀ ਜਿੰਦ ਕੌਰ ਦੀ ਵੱਡੀ ਤਸਵੀਰ ਸੀ ।

ਮੁਖ ਮੰਤਰੀ ਦੇ ਕੋਲ ਦੀ ਤਿਪਾਈ ਤੇ ਇਕ ਲੜਕੇ ਦੀ ਫੋਟੋ ਸੀ, ਇਹ ਜ਼ਰੂਰ ਮੁਖ ਮੰਤਰੀ ਦਾ ਹੀ ਹੋਵੇਗਾ । ਦੂਜੇ ਟੇਬਲ ਤੇ ਰਾਸ਼ਟਰਪਤੀ ਰੈਡੀ ਦਾ ਚਿੱਤਰ ਫਰੇਮ ਜੜਿਤ ਸੀ । ਕਮਰਾ ਠੀਕ ਤਰ੍ਹਾਂ ਸਜਿਆ ਹੋਇਆ ਪਰ ਭੀੜ ਭਰਿਆ ਸੀ । ਹਰ ਕੋਈ ਆਪੋ ਆਪਣੇ ਗਰੁਪ ਵਿਚ ਗੱਲੀਂ ਜੁਟਿਆ ਹੋਣ ਕਾਰਨ ਮੁਖ ਮੰਤਰੀ ਤੇ ਮਹਾਰਾਜ ਜੀ ਵਿਚਾਲੇ ਹੋ ਰਹੀ ਗੱਲਬਾਤ ਦਾ ਕੋਈ ਨੋਟਿਸ ਨਹੀਂ ਸੀ ਲੈ ਰਿਹਾ । (ਚਲਦਾ)


Sri Satguru Jagjit Singh Ji eLibrary NamdhariElibrary@gmail.com

ਨੂੰ ਸਤਿਗੁਰੂ ਜੀ ਬਾਰੇ ਅਤੇ ਉਹਨਾਂ ਦੇ ਪ੍ਰਕਿਰਤੀ ਪ੍ਰੇਮ ਬਾਰੇ ਦਸਿਆ ਤਾਂ ਸਮੇਂ ਤੋਂ ਪਹਿਲਾਂ ਹੀ ਬਾਗ ਅੰਦਰ ਜਾਣ ਦਾ ਆਗਿਆ ਦੇ ਦਿਤੀ ਗਈ। ਜਦੋਂ ਅਸੀਂ ਗੇਟ ਦੇ ਅੰਦਰ ਦਾਖਲ ਹੋਏ ਤਾਂ ਜ਼ਬਰਦਸਤ ਗਰਮੀ ਨੇ ਸਵਾਗਤ ਕੀਤਾ। ਅੰਦਰ ਇਕ ਬਹੁਤ ਵੱਡਾ ਜੰਗਲ ਸੀ ਜਿਸ ਵਿਚ ਅਨੇਕਾਂ ਪ੍ਰਕਾਰ ਦੇ ਛੋਟੇ ਵਡੇ ਬੂਟੇ ਵੇਲਾਂ ਅਤੇ ਵਡੇ ਵਡੇ ਦਰਖਤ ਸਨ। ਛੋਟੇ ਛੋਟੇ ਰਾਹਾਂ ਤੇ ਘੁੰਮਦੇ ਅਸੀਂ ਇਵੇਂ ਪ੍ਰਤੀਤ ਕਰ ਰਹੇ ਸਾਂ ਜਿਵੇਂ ਭਾਰਤ ਦੇ ਕਿਸੇ ਘਣੇ ਜੰਗਲ ਵਿਚ ਹੋਈਏ। ਗਰਮੀ ਏਨੀ ਵਧ ਸੀ ਕਿ ਪਸੀਨੇ ਛੁਟ ਰਹੇ ਸਨ। ਏਸ ਸਾਰੇ ਜੰਗਲ ਨੂੰ ਚਾਰੇ ਪਾਸਿਓਂ ਅਤੇ ਉਪਰੋਂ ਸ਼ੀਸ਼ੇ ਨਾਲ ਢੱਕਿਆ ਹੋਇਆ ਸੀ ਤਾਂ ਕਿ ਇਹਨਾਂ ਨੂੰ ਸੂਰਜ ਦੀ ਗਰਮੀ ਤਾਂ ਲਗੇ ਪਰ ਵਲੈਤ ਦੀਆਂ ਠੰਡੀਆਂ ਸੁਕਦੀਆਂ ਹਵਾਵਾਂ ਨਾ ਲਗਣ। ਇਹਨਾਂ ਦੇ ਸੁਭਾਅ ਅਨੁਸਾਰ ਪਾਣੀ ਅਤੇ ਖਾਦ ਦਾ ਇੰਤਜ਼ਾਮ ਸੀ। ਵਿਗਿਆਨੀ ਵਲੈਤ ਵਿਚ ਬੈਠਿਆਂ ਹੀ ਦੁਨੀਆ ਦੇ ਪੌਦਿਆਂ ਦਾ ਅਧਿਐਨ ਕਰ ਲੈਂਦੇ ਸਨ। ਜਦੋਂ ਅਸੀਂ ਇਸ ਮਸਨੂਈ ਜੰਗਲ ਵਿਚੋਂ ਬਾਹਰ ਨਿਕਲੇ ਤਾਂ ਸਖ਼ਤ ਠੰਡ ਨੇ ਵਾਰ ਕੀਤਾ।

ਅਜ ਸ਼ਾਮ ਦੇ ਦੀਵਾਨ ਵਿਚ ਡਾ: ਹਰਿਭਜਨ ਸਿੰਘ ਜੀ ਦਾ ਭਾਸ਼ਨ ਸੀ।

### ਡਾ: ਹਰਿਭਜਨ ਸਿੰਘ

ਡਾ: ਹਰਿਭਜਨ ਸਿੰਘ ਕਵੀ ਵੀ ਹਨ ਅਤੇ ਪੰਜਾਬੀ ਸਾਹਿਤ ਦੇ ਸਮੀਖਿਆਕਾਰ (ਆਲੋਚਕ) ਵੀ, ਉਹ ਕਵੀ ਪਹਿਲਾਂ ਹਨ ਜਾਂ ਸਮੀਖਿਆਕਾਰ, ਉਹ ਮੁਖ ਰੂਪ ਵਿਚ ਸਮੀਖਿਆਕਾਰ ਹਨ ਜਾਂ ਕਵੀ ਇਹ ਨਿਰਣਾ ਪੰਜਾਬੀ ਸਾਹਿਤ ਦੇ ਪਾਠਕਾਂ ਵਾਸਤੇ ਮੁਸ਼ਕਲ ਹੀ ਨਹੀਂ, ਅਸੰਭਵ ਕਾਰਜ ਜਾਪਦਾ ਹੈ। ਆਰਸੀ ਰਸਾਲੇ ਵਿਚ ਛਪਦੇ 'ਨਕਸ਼ ਨਿਵੇਰੇ' ਉਹਨਾਂ ਦੀ ਸਮੀਖਿਆਕਾਰੀ ਦਾ ਨਵਾਂ ਰੂਪ ਹੈ। ਪਰ ਇਹ ਵੀ ਉਹਨਾਂ ਦੀ ਕਾਵਿਕਾਰੀ ਦਾ ਹੀ ਵਿਸਥਾਰ ਜਾਪਦਾ ਹੈ। ਪੰਜਾਬੀ ਦੇ ਵਿਦਵਾਨਾਂ ਵਿਚ ਇਹ ਰਾਇ ਹੈ ਕਿ ਪੰਜਾਬੀ ਸਮੀਖਿਆਕਾਰੀ ਦਾ ਸਫ਼ਰ ਪਰਸੰਸਾਮਈ ਤੋਂ ਨਿਰਣੈਕਾਰੀ ਸਮੀਖਿਆ ਦਾ ਸਫ਼ਰ ਹੈ। ਡਾ: ਹਰਿਭਜਨ ਸਿੰਘ ਦੀ ਆਮਦ ਨੇ ਇਸ ਨੂੰ ਵਿਸ਼ਲੇਸ਼ਣ ਆਧਾਰੀ ਆਲੋਚਨਾ ਵਲ ਤੋਰਿਆ ਹੈ।...ਜਿਥੇ ਵਾਦ-ਵਿਵਾਦਾਂ ਦੇ ਦੌਰ ਵਿਚ ਡਾਕਟਰ ਹਰਿਭਜਨ ਸਿੰਘ ਨਵ-ਵਿਚਾਰ ਦੇ ਪਾਸਾਰ ਨਾਲ ਲੜਦੇ ਰਹੇ ਹਨ। ਜਿਥੇ ਕਿਤੇ ਵੀ ਪੰਜਾਬੀ ਗੋਸ਼ਟੀ ਹੁੰਦੀ ਹੈ ਡਾ: ਹਰਿਭਜਨ ਸਿੰਘ ਦਾ ਜ਼ਿਕਰ ਆ ਹੀ ਜਾਂਦਾ ਹੈ ਭਾਵੇਂ ਉਹ ਵਿਰੋਧ ਦੀ ਸੁਰ ਵਿਚ ਹੀ ਹੋਵੇ। ਇਸ ਨਵੀਂ ਸਮੀਖਿਆ ਜੁਗਤ ਦਾ ਇਹ ਆਰੰਭਕ ਅਜ ਇਕ ਧਾਰਮਕ ਸਮਾਗਮ ਵਿਚ ਬੋਲ ਰਿਹਾ ਸੀ। ਸਰੋਤੇ ਜਿਨ੍ਹਾਂ ਦਾ ਡਾਕਟਰ ਸਾਹਿਬ ਦੀ ਸਮੀਖਿਆਕਾਰੀ ਨਾਲ ਕੋਈ ਸੰਬੰਧ ਨਹੀਂ ਸੀ ਇਹ ਜ਼ਰੂਰ ਜਾਣਦੇ ਸਨ ਕਿ ਇਹ ਡਾਕਟਰ ਪੰਜਾਬੀ ਬੋਲੀ ਦਾ ਬਹੁਤ ਵੱਡਾ ਵਿਦਵਾਨ ਹੈ। ਹਾਂ ਇਕ ਗਲ ਜ਼ਰੂਰ ਸੀ ਜਿਹੜੇ ਵਿਦਵਾਨ ਦੀ ਬੋਲੀ ਬਾਰੇ ਬਹਿਸਾਂ ਵਿਚ ਝਗੜੇ ਹੁੰਦੇ ਹਨ ਕਿ ਡਾ: ਹਰਿਭਜਨ ਸਿੰਘ ਬਹੁਤ ਔਖੀ ਸੰਸਕ੍ਰਿਤ ਨੁਮਾ ਪੰਜਾਬੀ ਵਰਤਦੇ ਹਨ (ਸਮੀਖਿਆਕਾਰੀ ਵਿਚ) ਉਹ ਹਰਿਭਜਨ ਸਿੰਘ ਬਹੁਤ ਹੀ ਸਾਦਾ ਦਿਲ ਲੈਣ ਵਾਲੀ ਪੰਜਾਬੀ ਵਿਚ ਗਲ ਕਰ ਰਹੇ ਸਨ ਡਾ: ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ :

"...ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਜੋ ਆਪ ਦੇ ਸਾਹਮਣੇ ਸਤਿਗੁਰੂ ਜੀ ਦੁਆਰਾ ਫਰੇਮਾਇਆ ਗਿਆ ਹਾਂ।...ਕ੍ਰਿਤਗਤਾ ਪ੍ਰਗਟ ਕਰਨੀ ਹੈ ਜੋ ਹੁਕਮ ਨਾਲ ਸੰਗਤ ਸਾਧ ਵਿਚ ਰਹਿਣ ਦਾ ਮੌਕਾ ਦਿਤਾ ਹੈ।...ਸਭ ਤੋਂ ਵਡੀ ਖੁਸ਼ਨਸੀਬੀ ਹੋਈ, ਮੈਨੂੰ ਕੁਝ ਦਿਨ ਬਾਣੀ ਸਿਮਰਨ ਸੰਗੀਤ ਕੀਰਤਨ ਦੇ ਸੰਗ ਸਾਥ ਰਹਿਣ ਦਾ ਮੌਕਾ ਮਿਲਿਆ ਹੈ। ਸੰਗੀਤ ਦੁਨੀਆ ਦੀ ਸਭ ਤੋਂ ਖੂਬਸੂਰਤ ਚੀਜ਼ ਹੈ ਜਿਸ ਵਿਚ ਮੇਲ ਨਹੀਂ ਵਟਾਂਦਰਾ ਨਹੀਂ...। ਪਰਲੋਕ ਦੀ ਸਭ ਤੋਂ ਸੁੰਦਰ ਚੀਜ਼ ਗੁਰਬਾਣੀ ਹੈ। ਇਥੇ ਇਹਨਾਂ ਦੇ ਤੁਮੇਲ ਤੋਂ ਇੰਜ ਪ੍ਰਤੀਤ ਹੁੰਦਾ ਰਿਹਾ ਹੈ ਜਿਵੇਂ ਪਰਮਾਤਮਾ ਆਪਣੀ ਬੋਲੀ ਵਿਚ ਗਲਾਂ ਕਰ ਰਿਹਾ ਹੈ। ਮੈਂ ਆਪਣੇ ਆਪ ਨੂੰ ਭਾਗਵਾਨ ਸਮਝਦਾ ਰਿਹਾ ਇਥੇ ਸ਼ਾਮਲ ਹੋ ਕੇ। ਮੈਂ ਰਸਤੇ ਵਿਚ ਕਵਿਤਾ ਲਿਖੀ ਸੀ। ਮੌਕਾ ਹੀ ਨਹੀਂ ਮਿਲ ਸਕਿਆ ਸੁਨਾਉਣ ਦਾ। ਮੈਂ ਸਮਝਦਾ ਸਾਂ ਕਵਿਤਾ ਰਹਿ ਗਈ ਪਰ ਹੁਣ ਮੈਂ ਪੇਸ਼ ਕਰਦਾ ਹਾਂ :

ਸਾਡਾ ਹਰ ਯੁਗ ਸੰਕਟ ਦਾ ਹੈ  
ਸੰਕਟ ਵਿਚ ਇਨਸਾਨ  
ਸੰਕਟ ਘਿਰੇ ਮਨੁਖਾਂ ਤੋਂ ਹੀ  
ਜਨਮ ਲਏ ਭਗਵਾਨ......

ਅਤੇ ਇਹ ਕਵਿਤਾ ਵਰਿਆਮ ਦੇ ਸੰਪਾਦਕ ਜਗਦੀਸ਼ ਸਿੰਘ ਨੂੰ ਛਾਪਣ ਵਾਸਤੇ ਦੇਂਦਾ ਹਾਂ (ਇਹ ਕਵਿਤਾ ਵਰਿਆਮ ਦੇ ਜੁਲਾਈ-ਅਗਸਤ ਅੰਕ ਵਿਚ ਪ੍ਰਕਾਸ਼ਤ ਹੋ ਚੁਕੀ ਹੈ)।



Sri Satguru Jagjit Singh Ji eLibrary NamdhariElibrary@gmail.com

੨ ਤਾਰੀਖ ਨੂੰ ਸ਼ਾਮ ਦੇ ਦੀਵਾਨ ਵਿਚ ਸਾਊਥਾਲ ਦੀ ਸੰਗਤ ਵਲੋਂ ਡਾਕਟਰ ਸਾਹਿਬ ਨੂੰ ਸਨਮਾਨ, ਵਜੋਂ ਸਿਰੋਪਾਓ ਦਿਤਾ ਗਿਆ ਸੀ ਡਾਕਟਰ ਸਾਹਿਬ ਫਿਰ ਬੋਲੇ :

"ਤੁਸੀਂ ਮੈਨੂੰ ਸਨਮਾਨ ਦਿਤਾ ਹੈ ਕ੍ਰਿਪਾ ਕਰੋ ਮੈਨੂੰ ਮਾਨ ਨਾ ਹੋਵੇ।...ਮੈਂ ਇਥੇ ਆ ਕੇ ਨਾਮਧਾਰੀ ਵਿਆਹਾਂ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਹੈ। ਪਿਛਲੇ ਕੁਝ ਸਾਲਾਂ ਤੋਂ ਵਿਆਹ ਤੇ ਜੋ ਚਿੰਤਾਵਾਂ ਹੁੰਦੀਆਂ ਆ ਰਹੀਆਂ ਨੇ ਇਹਨਾਂ ਦਾ ਸਤਿਗੁਰਾਂ ਨੂੰ ਪਹਿਲੋਂ ਹੀ ਗਿਆਨ ਸੀ ਇਸੇ ਵਾਸਤੇ ਹੀ ਉਹਨਾਂ ਨੇ ਇਸ ਰੀਤ ਨੂੰ ਸਰਲ ਕਰ ਦਿਤਾ। ਸ਼ਾਦੀਆਂ ਵਾਲਿਆਂ ਨੂੰ ਸ਼ੁਭ ਕਾਮਨਾਵਾਂ ਪੇਸ਼ ਕਰਦਿਆਂ ਬੇਨਤੀ ਕਰਦਾ ਹਾਂ ਕਿ ਅਨਾਮਧਾਰੀ ਆਮ ਤੌਰ ਤੇ ਪੁਛਦੇ ਨੇ ਕਿ ਸਤਿਗੁਰਾਂ ਦੀ ਪਿੱਠ ਪਿਛੇ ਦਾਜ ਸਵੀਕਾਰ ਤਾਂ ਨਹੀਂ ਕਰਦੇ ?...ਜੇ ਦਾਜ ਲੈਣਾ ਹੈ ਤਾਂ ਦਾਜ ਨਾਮ ਲਵੋ ਤਾਂ ਜੋ ਆਤਮਾ 'ਚ ਪ੍ਰਕਾਸ਼ ਪੈਦਾ ਹੋਵੇ। ਜੇ ਇੰਜ ਕਰ ਸਕਣ ਤਾਂ ਦਾਜ ਤੋਂ ਕਿਤੇ ਵਧ ਸੁਖ ਮਿਲੇ। ਮੈਂ ਬਹੁਤ ਪੜ੍ਹਿਆ ਹੈ ਪੜ੍ਹਾਇਆ ਹੈ। ਉਹ ਗਿਆ ਹੁਣ ਸਮਾਪਤੀ ਤੇ ਹੈ। ਸਤਿਗੁਰਾਂ ਅਗੇ ਬੇਨਤੀ ਹੈ ਕਿ ਉਹ ਆਸ਼ੀਰਵਾਦ ਦੇਣ ਤਾਕਿ ਹੁਣ ਪਰਮ ਕਾਰਜਾਂ ਵਿਚ ਪ੍ਰਵਿਰਤ ਹੋ ਕੇ ਕੁਝ ਪਰਾਲੌਕਿਕ ਕਾਰਜ ਕਰ ਸਕਾਂ ਜਦੋਂ ਪਰਮਾਤਮਾ ਕ੍ਰਿਪਾ ਕਰਦਾ ਹੈ ਤਾਂ ਬੰਦਾ 'ਸਰਗਰਿ ਪੇਖਾਂ' ਜਾਂਦਾ ਹੈ। ਉਹ ਆਪ ਕਿਰਪਾ ਕਰਕੇ ਰੂਣਤਾਈਆਂ ਕਰਨਤਾ ਕਰਾਂਦਾ ਹੈ। ਫੇਰ ਪਬਲਿਕ ਤੌਰ ਤੇ ਮਨੁੱਖ ਦਿਲੋਂ ਮਨੋਂ ਕ੍ਰਿਤਗਤਾ ਪ੍ਰਗਟ ਕਰਦਾ ਹੈ...ਮੇਰਾ ਯਤਨ ਹੋਵੇਗਾ ਕਿ ਧਰਮ ਕਾਰਜ ਵਿਚ ਯੋਗਦਾਨ ਦੇ ਸਕਾਂ...ਧਨਵਾਦ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਪ੍ਰਵਿਤ੍ਰ ਪ੍ਰਵਚਨਾਂ ਦੁਆਰਾ ਅਨੇਕਾਂ ਪਰਮਾਣ ਦੇ ਕੇ ਨਾਮ ਸਿਮਰਨ ਤੇ ਜ਼ੋਰ ਦਿਤਾ। ਲੋਕ ਕਹਿੰਦੇ ਹਨ ਕਿ ਮਰ ਜਾਈਏ ਤਾਂ ਦੁਖ ਤੋਂ ਛੁਟੀ ਹੋ ਜਾਂਦੇ ਪਰ ਇਹ ਸਤਿਗੁਰੂ ਦੀ ਕ੍ਰਿਪਾ ਹੀ ਹੈ ਜੋ ਦੁਖਾਂ ਦਾ ਨਾਸ ਕਰ ਸਕਦੀ ਹੈ। ਸਤਿਗੁਰਾਂ ਦੇ ਨਾਮ ਲਿਆ ਦੁਖ ਭਜ ਜਾਂਦੇ ਹਨ। ਅਸੀਂ ਮੋਹ ਦੀ ਨਿੰਦਰਾ ਵਿਚ ਸੌਂ ਕੇ ਸਤਿਗੁਰ ਵਿਸਾਰ ਦਿਤਾ ਹੈ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੋ ਆਪਣੀ ਸਿਖੀ ਰਹੁ ਰੀਤ ਤੇ ਤਕੜੇ ਹੋ ਕੇ ਪਹਿਰਾ ਦਿਓ। ਰੋਗਾਂ ਦੀ ਬੇਅਦਬੀ ਅਤੇ ਹੋਰ ਕੁਰਹਿਤਾਂ ਤੋਂ ਬਚਕੇ ਰਹੋ।

ਰਾਤ ਨੂੰ ਅਸੀਂ ਚੌਥੇ ਜੀਅ ਸਤਵੰਤ ਸਿੰਘ ਦੇ ਘਰ ਰਹੇ। ਸਤਵੰਤ ਸਿੰਘ ਅਫਰੀਕਾ ਦੇ ਸੁਰਗਵਾਸੀ ਸ: ਸੁਖਦੇਵ ਸਿੰਘ ਦਾ ਸਪੁਤਰ ਹੈ ਅਤੇ ਜਲੰਧਰ ਵਿਚ ਇਹਨਾਂ ਦਾ ਆਪਣਾ ਮਕਾਨ ਹੈ। ਇਸ ਦੇ ਘਰੋਂ ਸੀਸੀ ਚਰਨਜੀਤ ਸਾਡੀ ਭੈਣ ਹੈ। ਇਹ ਜੰਮੂ ਵਾਲੇ ਠੇਕੇਦਾਰ ਚਰਨ ਸਿੰਘ ਦੀ ਭੈਣ ਹੈ। ਜਦੋਂ ਅਸੀਂ ਜੰਮੂ ਹੁੰਦੇ ਤਾਂ ਇਹ ਸਾਡੇ ਘਰ ਆਇਆਂ ਦੀ ਬਹੁਤ ਸੇਵਾ ਕਰਦੀ। ਮੇਰੇ ਦੋਸਤ ਅਮਰੀਕ ਸਿੰਘ ਨੇ ਕਹਿਣਾ ਦੀਦੀ ਤੈਨੂੰ ਐਸੇ ਘਰ ਵਿਆਹਵਾਂਗੇ ਜਿਥੇ ਬਹੁਤ ਸੁਖ ਹੋਵੇ।

ਇਕ ਕੁੜੀ ਬੜੀ ਚੰਗੀ ਹੈ। ਸਤਵੰਤ ਸਿੰਘ ਵੀ ਆਪਣਾ ਬਹੁਤ ਅਜ਼ੀਜ਼ ਹੈ ਅਤੇ ਕਈ ਦਿਨਾਂ ਤੋਂ ਘਰ ਜਾਣ ਵਾਸਤੇ ਕਹਿ ਰਿਹਾ ਸੀ। ਆਪਣੀ ਕਾਰ ਲੈ ਕੇ ਉਹ ਆਇਆ ਸੀ ਅਤੇ ਸਾਨੂੰ ਰਾਤ ਪਈ ਨੂੰ ਆਪਣੇ ਘਰ ਲੈ ਗਿਆ। ਸਾਨੂੰ ਨਹੀਂ ਪਤਾ ਉਹ ਕਿਹੜੇ ਥਾਂ ਲੈ ਗਿਆ ਪਰ ਰਾਤ ਅਸਾਂ ਜਲੰਧਰ ਤੇ ਜੰਮੂ ਦੀਆਂ ਗਲਾਂ ਕਰਦਿਆਂ ਸੁਖ ਨਾਲ ਲੰਘਾਈ ਅਤੇ ਸਵੇਰੇ ਆਸਾ ਦੀ ਵਾਰ ਵਿਚ ਵੇਲੇ ਸਿਰ ਆ ਸ਼ਾਮਲ ਹੋਏ। ਅਜ ਵਾਰ ਦਾ ਕੀਰਤਨ ਸੀ, ਢੋਲਕ ਛੈਣਿਆਂ ਨਾਲ ਅਤੇ ਕੀਰਤਕਾਰ ਸਨ ਜਥੇਦਾਰ ਗਿਆਨ ਸਿੰਘ, ਦਾਨ ਸਿੰਘ ਅਤੇ ਸਥਾਨਕ ਜਥਾ। ਵਾਰ ਤੋਂ ਬਾਅਦ ਪ੍ਰੀਤਮ ਸਿੰਘ ਕਵੀ ਅਤੇ ਲੇਖਕ ਨੂੰ ਕੁਝ ਸਮਾਂ ਸੰਗਤਾਂ ਨੂੰ ਸੰਬੋਧਨ ਕਰਨ ਦਾ ਅਵਸਰ ਮਿਲਿਆ।

## ਮੈਡਨ ਹੈਡ

ਰਾਤ ਮੰਚ ਦੁਆਰਾ ਹੀ ਇਹ ਐਲਾਨ ਕਰਵਾਇਆ ਗਿਆ ਸੀ ਕਿ ਭਾਰਤੋਂ ਆਈ ਸੰਗਤ ਸਵੇਰੇ ਤਿਆਰ ਰਹੇ ਬੱਸ ਰਾਹੀਂ ਮੈਡਨ ਹੈਡ ਜਾਇਆ ਜਾਵੇਗਾ ਜਿਥੇ ਅੱਜ ਪ੍ਰੋਗ-ਰਾਮ ਹੋਣਾ ਸੀ—ਪਰ ਹੁਣ ਇਸ ਵੇਲੇ ਕੋਈ ਪ੍ਰਬੰਧ ਨਹੀਂ ਸੀ ਜਾਣ ਦਾ ਇਸ ਵਾਸਤੇ ਸਭ ਆਪਣੇ ਆਪਣੇ ਡੇਰਿਆਂ ਨੂੰ ਚਲੇ ਗਏ। ਅਸੀਂ ਅੱਜ ਦਾ ਦਿਨ ਕੁਝ ਤਾਂ ਸ: ਹਰਚਰਨ ਸਿੰਘ ਰੰਧਾਵਾ ਜੀ ਦੇ ਘਰ ਬਿਤਾਇਆ ਅਤੇ ਕੁਝ ਬਾਜ਼ਾਰ ਵਿਚ ਘੁਮ ਕੇ।

ਸ਼ਾਮ ਨੂੰ ਰੰਧਾਵਾ ਜੀ ਸਾਨੂੰ ਮੈਡਨ ਹੈਡ ਲੈ ਗਏ। ਇਹ ਇਲਾਕਾ ਕਾਫੀ ਮਸ਼ਹੂਰ ਹੈ। ਇਥੇ ਸ: ਖੜਕ ਸਿੰਘ ਭਮਰਾ, ਸ: ਸਰਵਨ ਸਿੰਘ ਸਿਆਣ ਅਤੇ ਸ: ਬੀਰ ਸਿੰਘ ਭਮਰਾ ਰਹਿੰਦੇ ਹਨ। ਦੀਵਾਨ ਦਾ ਪ੍ਰਬੰਧ ਸ: ਬੀਰ ਸਿੰਘ ਦੇ ਘਰ ਸੀ ਇਹ ਉਥੇ ਜਾ ਕੇ ਹੀ ਪਤਾ ਲਗਾ ਕਿ ਬੀਰ ਸਿੰਘ ਖੜਕ ਸਿੰਘ ਜੀ ਦੇ ਨਿੱਕੇ ਭਾਈ ਹਨ। ਖੜਕ ਸਿੰਘ ਜੀ ਅਫਰੀਕਾ ਨਿਵਾਸ ਵੇਲੇ ਤੋਂ ਹੀ ਮਸ਼ਹੂਰ ਰਹੇ ਹਨ ਅਤੇ



Sri Satguru Jagjit Singh Ji eLibrary NamdhariElibrary@gmail.com

ਅਖ਼ਬਾਰ ਭਾਰਤ ਵੀ ਆਉਂਦੇ ਹਨ। ਅਤੇ ਚਿੱਠੀ ਪੱਤਰ ਵੀ ਕਦੇ ਕਦਾਈਂ ਕਰ ਲੈਂਦੇ ਹਨ। ਪਰ ਬੀਰ ਸਿੰਘ ਜੀ ਦਾ ਨਾਮ ਓਥੇ ਹੀ ਸੁਣਿਆ। ਉਹਨਾਂ ਨੇ ਸਤਿਗੁਰੂ ਜੀ ਦੇ ਸਵਾਗਤ ਅਤੇ ਆਗਿਆ ਪਾਲਣ ਵਿਚ ਕਮਾਲ ਕੀਤਾ। ਅਜ ਦਾ ਦੀਵਾਨ ੩੦ ਕਾਲਜ ਰੋਡ ਤੇ ਉਹਨਾਂ ਦੇ ਵੱਡੇ ਮਕਾਨ ਵਿਚ ਸੀ। ਅਸੀਂ ਨਾਮ ਸਿਮਰਨ ਵੇਲੇ ਪੁਜ ਗਏ। ਉਸ ਬਾਦ ਰਾਗੀਆਂ ਦਾ ਕੀਰਤਨ ਸੀ।

ਸਾਧੋ ਗੋਬਿੰਦ ਕੇ ਗੁਨ ਗਾਵਉ
ਅਤੇ
ਕੁਚੀਲ ਕਠੋਰ ਕਪਟ ਕਾਮੀ
ਜਿਉ ਜਾਨਹਿ ਤਿਉ ਤਾਰਿ ਸੁਆਮੀ ॥

ਦੇ ਵੈਰਾਗ ਮਈ ਉਚਾਰਨ ਬਾਅਦ ਪੰਡਤ ਗੋਪਾਲ ਸਿੰਘ ਜੀ ਦਾ ਵਿਖਿਆਨ ਸੀ। ਭਗਤਾਂ ਉੱਤੇ ਉਹਨਾਂ ਦਾ ਜ਼ਬਰਦਸਤ ਵਿਖਿਆਨ ਸਾਰੇ ਦੌਰੇ 'ਚੋਂ ਬਹੁਤ ਪ੍ਰਭਾਵਸ਼ਾਲੀ ਸੀ। ਮੇਰਾ ਜੀਅ ਕੀਤਾ ਕਿ ਇਸ ਵਿਖਿਆਨ ਨੂੰ ਸਾਰੇ ਦਾ ਸਾਰਾ ਹੀ ਪ੍ਰਕਾਸ਼ਤ ਕੀਤਾ ਜਾਵੇ। ਪਰ ਹਾਲਾਤ ਦੀ ਸਿਤਮ ਜ਼ਰੀਫ਼ੀ ਦੇਖੋ ਕਿ ਜਿਸ ਸਿੰਘ ਨੇ ਇਹ ਕਾਰਵਾਈ ਰਿਕਾਰਡ ਕੀਤੀ ਸੀ ਉਸ ਤੋਂ ਬਾਰ ਬਾਰ ਮੰਗਣ ਅਤੇ ਜਵਾਬੀ ਵਾਇਦਾ ਕਰਨ ਤੇ ਵੀ ਕੈਸਟ ਦੀ ਕਾਪੀ ਨਾ ਕਰ ਕੇ ਦਿਤੀ। ਜੇ ਕਿਤੇ ਉਪਲਬਧ ਹੋਈ ਤਾਂ ਇਹ ਯਾਦਗਾਰੀ ਭਾਸ਼ਨ ਜ਼ਰੂਰ ਛਾਪਾਂਗੇ। ਸਾਧ ਸੰਗਤ ਦੀ ਲੰਗਰ ਪਾਣੀ ਨਾਲ ਭਰਪੂਰ ਸੇਵਾ ਕਰਕੇ ਬੀਰ ਸਿੰਘ ਜੀ ਨੇ ਅਪਣੇ ਧਨ ਭਾਗ ਸਮਝੇ।

ਰਾਤ ਅਸੀਂ ਇਸੇ ਇਲਾਕੇ ਵਿਚ ਹੀ ਸ: ਮਨਦੀਪ ਸਿੰਘ ਦੇ ਘਰ ਰਹੇ। ਮਨਦੀਪ ਸਿੰਘ ਤੇ ਉਹਨਾਂ ਦੇ ਘਰੋਂ ਬੀਬੀ......(ਸਪੁਤਰੀ ਸ: ਬੀਰ ਸਿੰਘ) ਨੇ ਆਪਣੇ ਦੋ ਮੰਜ਼ਲੇ ਸੋਹਣੇ ਘਰ ਵਿਚ ਸਾਡਾ ਦੋਹਾਂ ਜੀਆਂ ਅਤੇ ਸ: ਪ੍ਰੀਤਮ ਸਿੰਘ ਰਵੀ ਹੋਰਾਂ ਦਾ ਨਿਘਾ ਸਵਾਗਤ ਕੀਤਾ।

## ਸੇਵਕਾਂ ਦੀ ਵਿਦਾਇਗੀ

ਅਗਲੇ ਦਿਨ ਆਸਾ ਦੀ ਵਾਰ ਦਾ ਕੀਰਤਨ ਸ: ਬੀਰ ਸਿੰਘ ਜੀ ਦੇ ਹੀ ਘਰ ਸੀ ਅਤੇ ਲੰਗਰ ਸਤਿਗੁਰੂ ਜੀ ਦਾ ਸ: ਧਜ਼ਲ ਸਿੰਘ ਦੇ ਘਰ। ਸਤਿਗੁਰੂ ਜੀ ਸ: ਸਰਵਨ ਸਿੰਘ ਸਿਆਨ ਦੇ ਘਰ ਵੀ ਚਰਨ ਪਾਉਣ ਗਏ। ਸ: ਸਰਵਨ ਸਿੰਘ ਸਿਆਨ ਵਲ ਪੰਜਾਬੀ ਦੇ ਮਸ਼ਹੂਰ ਇਨਕਲਾਬੀ ਕਵੀ ਸਵ: ਸ: ਮੁਨਸ਼ਾ ਸਿੰਘ ਦੁਖੀ ਦੀ ਸਪੁਤਰੀ ਵਿਆਹੀ ਹੋਈ ਹੈ।

ਅਜ ਸਤਿਗੁਰੂ ਜੀ ਦੇ ਇਸ ਦੌਰੇ ਦੇ ਪਹਿਲੇ ਚਰਨ ਦੀ ਸਮਾਪਤੀ ਸੀ। ਭਾਰਤ ਤੋਂ ਆਇਆ ਜਥਾ ਵੱਡੀ ਗਿਣਤੀ ਵਿਚ ੬ ਤਾਰੀਖ਼ ਨੂੰ ਵਾਪਸੀ ਜਹਾਜ਼ੇ ਚੜ੍ਹ ਜਾਣਾ ਸੀ ਉਹ ਇਥੋਂ ਹੀ ਸਤਿਗੁਰੂ ਜੀ ਤੋਂ ਵਿਦਾ ਹੋ ਗਿਆ ਸੀ। ਸਾਰਿਆਂ ਨੇ ਸਤਿਗੁਰਾਂ ਤੋਂ ਮੋਹ ਭਿੱਜੀ ਵਿਦਾਈ ਲਈ। ਸ਼ਰਧਾ ਪੂਰਵਕ ਚਰਨਾਂ ਤੇ ਨਮਸਕਾਰਾਂ ਕੀਤੀਆਂ ਅਤੇ ਭੁਲ ਚੁਕ ਬਖਸ਼ਣ ਮੁੜ ਦਰਸ਼ਨਾਂ ਅਤੇ ਆਸ਼ੀਰਵਾਦ ਲਈ ਬੇਨਤੀਆਂ ਕੀਤੀਆਂ।

## ਕੋਲਵਿਲ ਨੂੰ

ਸਤਿਗੁਰੂ ਜੀ ਦਾ ਪ੍ਰੋਗਰਾਮ ਕੋਲ-ਵਿਲ ਜਾਣ ਦਾ ਸੀ ਕੁਝ ਥੋੜ੍ਹੀ ਕਾਰਾਂ ਹੀ ਨਾਲ ਜਾਣੀਆਂ ਸਨ। ਬਾਕੀ ਸਾਰੀ ਸੰਗਤ ਨੂੰ ਵੀ ਆਗਿਆ ਸੀ ਭਾਵੇਂ ਛੁੱਟੀ ਸੀ। ਅਗਲਾ ਪ੍ਰੋਗਰਾਮ ਸਤਿਗੁਰੂ ਜੀ ਦਾ ਸ: ਗੁਰਚੈਨ ਸਿੰਘ ਫਲੋਰਾ ਜੀ ਦੇ ਹੱਥ ਸੀ। ਮੰਤਵ ਇਹ ਸੀ ਕਿ ਸਤਿਗੁਰੂ ਜੀ ਏਨੇ ਰੁਝੇਵਿਆਂ ਅਤੇ ਦੌਰੇ ਬਾਅਦ ਕੁਝ ਆਰਾਮ ਕਰ ਸਕਣ ਜਾਂ ਸ: ਗੁਰਚੈਨ ਸਿੰਘ ਜੀ ਦੇ ਮਸ਼ਵਰੇ ਤੇ ਸਰੀਰਕ ਅਭਿਆਸ ਕੁਝ ਕਰ ਸਕਣ। ਇਹ ਕਿਸੇ ਏਕਾਂਤ ਥਾਂ ਤੇ ਹੋਣਾ ਸੀ ਜਿਸ ਦਾ ਪਤਾ ਸ: ਫਲੋਰਾ ਸਾਹਿਬ ਨੂੰ ਹੀ ਸੀ। ਸਤਿਗੁਰੂ ਜੀ ਦੇ ਨਾਲ ਪੂਜ ਮਾਤਾ ਜੀ,ਸੇਵਕ ਠਾਕੁਰ ਉਦੇ ਸਿੰਘ,ਮਹਿੰਦਰ ਸਿੰਘ ਪੂਰਬਾ, ਮਨਿੰਦਰ ਸਿੰਘ ਭਣੋ ਵਾਲੇ, ਰਾਗੀ ਹਰਿਭਜਨ ਸਿੰਘ ਅਤੇ ਤਬਲਾਵਾਦਕ ਹੀ ਜਾਣੇ ਸਨ। ਬਾਕੀ ਕੁਝ ਗੱਡੀਆਂ ਨਾਲ ਕੋਲਵਿਲ ਤਕ ਹੀ ਜਾਣੀਆਂ ਸਨ। ਅਸੀਂ ਵੀ ਕੋਲਵਿਲ ਤਕ ਹੀ ਜਾਣਾ ਸੀ ਤਾਂ ਜੋ ਸਤਿਗੁਰਾਂ ਦੇ ਏਕਾਂਤ ਵਾਸ ਸਮੇਂ ਅਸੀਂ ਕੋਲਵਿਲ ਪਰਿਵਾਰ ਵਿਚ ਰਹਿ ਸਕੀਏ।

ਸ਼ਾਮ ਦਾ ਕੀਰਤਨ ਅਤੇ ਸਵੇਰ ਦੀ ਆਸਾ ਦੀ ਵਾਰ ਕੋਲ ਵਿਲ ਹੀ ਲਗੀ। ਕੋਲ ਵਿਲ ਜਾ ਕੇ ਇਹ ਪਤਾ ਲਗਾ ਕਿ ਸਤਿਗੁਰੂ ਜੀ ਵਾਸਤੇ ਹੱਟ ਬੁਕ ਕਰਾਈਆਂ ਗਈਆਂ ਸਨ ਅਤੇ ਸਾਰਾ ਹੀ ਪਰਿਵਾਰ ਨਾਲ ਜਾ ਰਿਹਾ ਹੈ। ਅਸੀਂ ਵਾਪਸ ਲੰਡਨ ਦਾ ਪ੍ਰੋਗਰਾਮ ਬਣਾਇਆ ਪਰ ਅਗਲੇ ਦਿਨ ਸਾਡੀ ਲੰਡਨ ਦੀ ਬਸ ਖੁਸ ਜਾਣ ਕਾਰਨ ਸਤਿਗੁਰੂ ਜੀ ਸਾਨੂੰ ਆਪਣੇ ਨਾਲ ਹੀ ਅਗਲੇ ਸਫ਼ਰ ਤੇ ਲੈ ਗਏ। ਤਾਕਿ ਉਥੋਂ ਲੰਡਨ ਨੂੰ ਵਾਪਸੀ ਹੋ ਜਾਵੇ।

## ਅਗਿਆਤ ਵਾਸ ਨੂੰ ?

ਅਗਲੇ ਦਿਨ ਇਕ ਮੋਟਰਹੋਮ ਅਤੇ ਦੋ ਕਾਰਾਂ ਤੇ ਸਾਡਾ ਕਾਫਲਾ ਆਪਣੇ ਅਗਲੇ ਸਫ਼ਰ ਤੇ ਚਲ ਪਿਆ। ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਅਤੇ ਉਹ ਸਾਡੇ ਵਾਲੀ ਵਡੀ ਵੈਨ ਵਿਚ



Sri Satguru Jagjit Singh Ji eLibrary NamdhariElibrary@gmail.com

ਹੀ ਆ ਬੈਠੇ ਇਸ ਤਰ੍ਹਾਂ ਸੁਹਾਵਣਾ ਸਫ਼ਰ ਹੋਰ ਵੀ ਸੁਖਦਾਈ ਹੋ ਗਿਆ। ਕਾਰਾਂ ਲੰਡਨ ਤੋਂ ਦੂਰ ਸਕਾਟਲੈਂਡ ਵਲ ਕਿਸੇ ਪਾਸੇ ਜਾ ਰਹੀਆਂ ਸਨ। ਧੁਪ ਕਰਕੇ ਦ੍ਰਿਸ਼ ਹੋਰ ਵੀ ਸੋਹਣਾ ਸੀ। ਤਿੰਨ ਘੰਟੇ ਦੇ ਸਫ਼ਰ ਬਾਦ ਜਿਸ ਜਗਾਹ ਅਸੀਂ ਪੁਜੇ ਉਹ ਇਕ ਉਚੀ ਥਾਂ ਸੀ ਪਰ ਦੂਰ ਥਲੇ ਇਕ ਝੀਲ ਦਿਸਦੀ ਪਈ ਸੀ। ਬਾਜ਼ਾਰਾਂ ਵਿਚ ਯਾਤਰੀਆਂ ਦਾ ਮੁਤ ਛੁਟੀ ਮਨਾ-ਉਣ ਅਤੇ ਅਨੰਦ ਲੈਣ ਵਾਲਾ ਸੀ। ਕੁਲਦੀਪ ਸਿੰਘ ਨੇ ਇਕ ਦੋ ਥਾਵਾਂ ਤੋਂ ਪੁਛ ਕਰਕੇ ਟਿਕਾਣਾ ਲਭ ਲਿਆ। ਦੂਸਰੀਆਂ ਗਡੀਆਂ ਅਗੇ ਪਿਛੇ ਹੋ ਚੁਕੀਆਂ ਸਨ। ਇਕ ਹੋਟਲ ਦੇ ਕੋਲੋਂ ਦੀ ਢਹਨ ਤੇ ਇਕ ਛੋਟੀ ਜਿਹੀ ਸੜਕ ਤੇ ਹੇਠਾਂ ਨੂੰ ਗੱਡੀ ਉਤਰਦੇ ਇਕ ਢਲਾਨ ਤੇ ਪੱਧਰਾ ਜਿਹਾ ਪਧਰਾ ਥਾਂ ਸੀ ਉਥੇ ਜਾ ਕੇ ਖਲੋ ਗਏ। ਕੁਝ ਸਮੇਂ ਬਾਅਦ ਬਾਕੀ ਗੱਡੀਆਂ ਵੀ ਪਹੁੰਚ ਗਈਆਂ। ਇਹ ਥਾਂ ਸੀ ਜਿਥੇ ਕੁਝ ਕਮਰੇ ਜਿਨ੍ਹਾਂ ਨੂੰ ਹੱਟ Hut ਕਿਹਾ ਜਾਂਦਾ ਕਿਰਾਏ ਤੇ ਲਏ ਗਏ ਸਨ। ਮੇਰੇ ਵਰਗਿਆਂ ਸਵਾਰੀਆਂ ਦੇ ਵਧੂ ਹੋ ਜਾਣ ਕਾਰਨ ਇਕ ਹੋਰ ਕਮਰੇ ਦੀ ਲੋੜ ਸੀ ਇਹ ਵੀ ਕੁਦਰਤੀ ਮਿਲ ਗਿਆ। ਹਟ ਅੰਗਰੇਜ਼ੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਕੁਟੀਆ। ਇਹਨਾਂ ਹਟਾਂ ਵਿਚ ਨਹਾਉਣ ਅਤੇ ਫਲਸ਼ ਟੱਟੀਆਂ ਦਾ ਪਰਬੰਧ ਸੀ, ਇਹ ਟੈਲੀਵੀਜਨ ਸੈਟ ਵੀ ਪਏ ਸਨ। ਹਰ ਹਟ ਵਿਚ ਦੋ ਬੈਡ ਰੂਮ ਡਬਲ ਮੰਜਿਆਂ ਵਾਲੇ ਅਤੇ ਵੱਡਾ ਕਮਰਾ ਬੈਠਣ ਵਾਸਤੇ ਨਾਲ ਲਗਦੀ ਰਸੋਈ ਸੀ ਭੋਜਨ ਪਕਾਉਣ ਵਾਸਤੇ। ਰਸਦ ਆਪਣੀ ਲਿਆ ਕੇ ਇਥੇ ਅਪਣਾ ਭੋਜਨ ਆਪ ਤਿਆਰ ਕੀਤਾ ਜਾਂਦਾ ਸੀ। ਸਾਹਮਣੇ ਬਹੁਤ ਸੁੰਦਰ ਝੀਲ ਅਤੇ ਪਰਲੇ ਪਾਸੇ ਪਹਾੜੀਆਂ ਦੇ ਮਨੋਹਰ ਦ੍ਰਿਸ਼ ਸਨ। ਹਾਂ ਇਥੇ ਟੈਲੀਫੋਨ ਨਹੀਂ ਸੀ। ਜੇ ਇਥੇ ਆ ਕੇ ਵੀ ਟੈਲੀਫੋਨ ਨਾਲ ਬਾਹਰਲੀ ਦੁਨੀਆ ਨਾਲ ਸੰਪਰਕ ਰਖਣਾ ਹੈ ਤਾਂ ਆਜ਼ਾਦੀ ਬੇਫਿਕਰੀ ਅਤੇ ਕੇਹਾ ਅਨੰਦ? ਇਥੇ ਪਿਛਲੀ ਦੁਨੀਆ ਵਲੋਂ ਨਿਸ਼ਚਿੰਤ ਹੋ ਕੇ ਕੁਦਰਤ ਦੇ ਅੰਗ ਸੰਗ ਵਿਚਰਨ ਵਾਲੀ ਥਾਂ ਸੀ।

## ਵਿੰਡਮੇਅਰ ਝੀਲ : ਲੇਕ ਡਿਸਟ੍ਰਿਕਟ

ਇੰਗਲੈਂਡ ਦਾ ਇਹ ਇਲਾਕਾ ਝੀਲਾਂ ਦਾ ਇਲਾਕਾ ਸੀ ਜਿਸ ਨੂੰ ਲੇਕ ਡਿਸਟ੍ਰਿਕ (ਝੀਲਾਂ ਦਾ ਜ਼ਿਲਾ) ਕਿਹਾ ਜਾਂਦਾ ਹੈ। ਪਛਮੀ ਸਮੁੰਦਰ ਦੇ ਨਾਲ ਨਾਲ ਇਹ ਇਲਾਕਾ ਪਹਾੜੀਆਂ ਅਤੇ ਝੀਲਾਂ ਨਾਲ ਭਰਪੂਰ ਹੈ।

ਜਿਸ ਜਗਾਹ ਅਸੀਂ ਆਏ ਸਾਂ ਇਸ ਥਾਂ ਅਤੇ ਝੀਲ ਦਾ ਨਾਮ ਵਿੰਡਮੇਅਰ ਸੀ। ਅੰਗਰੇਜ਼ੀ ਵਿਚ ਇਸ ਨੂੰ Windermare ਲਿਖਿਆ ਜਾਂਦਾ ਹੈ ਜੇ ਇਸ ਨੂੰ ਪੰਜਾਬੀ ਅੰਦਾਜ਼ ਵਿਚ ਪੜ੍ਹੀਏ ਤਾਂ ਵਿੰਡਰਮੇਰੇ ਪੜ੍ਹਿਆ ਜਾਂਦਾ ਹੈ। ਅਸੀਂ ਉਥੇ ਵਿੰਡਮੇਅਰ ਨੂੰ ਵਿੰਡਰਮੇਰੇ ਕਹਿੰਦੇ ਰਹੇ ਹੋਵੀਏ ਤਾਂ ਵੀ ਕੀ ਫਰਕ ਪੈਂਦਾ ਹੈ। ਵਿੰਡਮੇਅਰ ਝੀਲ ਦੀਆਂ ਕਈ ਸਿਫਤਾਂ ਹਨ। ਇਕ ਤਾਂ ਇਹ ਬਰਤਾਨੀਆਂ ਦੀ ਸਭ ਤੋਂ ਵਡੀ ਝੀਲ ਹੈ। ਲਗ ਭਗ ਸਾਢੇ ਦਸ ਮੀਲ ਲੰਮੀ ਸਮੁੰਦਰ ਤਕ ਹੀ ਪਹੁੰਚ ਜਾਂਦੀ ਹੈ। ਇਥੇ ਪਹੁੰਚਣਾ ਵੀ ਸੌਖਾ ਹੈ ਰੇਲ ਵੀ ਆਉਂਦੀ ਹੈ। ਇਹ ਸਭ ਤੋਂ ਮਸ਼ਹੂਰ ਵੀ ਹੈ ਇਸ ਦੀਆਂ ਸਿਫਤਾਂ ਹਨ ਕਿ ਇਥੇ ਨਜ਼ਾਰਿਆਂ ਦੀ ਭਿੰਨਤਾ ਬਹੁਤ ਹੈ। ਚਮਕਦੀ ਧੁਪ ਤੋਂ ਛਾਂ ਤਕ ਅਤੇ ਵੱਖ ਵੱਖ ਰੁਤਾਂ ਦੇ ਬਦਲਦੇ ਦ੍ਰਿਸ਼ਾਂ ਤਕ। ਜੀਅ ਕਰਦਾ ਸੀ ਨਜ਼ਾਰੇ ਨੂੰ ਨਹਾਰਦੇ ਰਹੀਏ ਇਥੇ ਤਾਂ ਕੁਦਰਤ ਦੀ ਸੁੰਦਰਤਾ ਹੀ ਸੁੰਦਰਤਾ ਸੀ। ਸੋਹਣੇ ਸੁੰਦਰ ਫੁਲਾਂ ਵਾਲੇ ਬਿਰਛ, ਇਕ ਤਰਤੀਬ ਵਿਚ ਵਿਛੀਆਂ ਮਖਮਲੀ ਘਾਹ ਦੀਆਂ ਪਰਤਾਂ ਨਿਰਮਲ ਅਤੇ ਸਾਫ ਪਾਣੀ ਦੀਆਂ ਲਹਿਰਾਂ ਹਰੀ ਭਰੀ ਬਨਸਪਤੀ ਨਾਲ ਢਕੇ ਪਹਾੜ। ਕੁਦਰਤ ਦਾ ਇਹ ਨਾਯਾਬ ਪ੍ਰਿਤਮਾ ਕਵੀਆਂ, ਲੇਖਕਾਂ, ਕਲਾਕਾਰਾਂ ਅਤੇ ਫੋਟੋਗਰਾਫਰਾਂ ਦੇ ਜਜ਼ਬਿਆਂ ਨੂੰ ਵਿਰਤਾਉਂਦਾ ਅਤੇ ਪ੍ਰੇਰਦਾ ਹੈ। ਇਸ ਸੁਪਨ ਲੋਕ ਵਿਚ ਅਮਨ ਚੈਨ ਅਤੇ ਇਕਾਗਰਤਾ ਪਣਪਦੇ ਹਨ।

ਸਾਡੇ ਨਿਵਾਸ ਅਸਥਾਨ ਤੋਂ ਹੇਠਾਂ ਝੀਲ ਵਲ ਇਕ ਰਸਤਾ ਜਾਂਦਾ ਸੀ ਜਿਸ ਦਾ ਦਰਵਾਜ਼ਾ ਜੰਦਰੇ ਨਾਲ ਬੰਦ ਸੀ ਪਰ ਇਥੇ ਰਹਿਣ ਵਾਲਿਆਂ ਨੂੰ ਕੇਵਲ ਉਸ ਜੰਦਰੇ ਦੀ ਚਾਬੀ ਦਿਤੀ ਜਾਂਦੀ ਸੀ ਤਾਂ ਕਿ ਜਣਾ ਖਣਾ ਹੀ ਨਾ ਇਹ ਰਾਹ ਵਰਤੇ। ਇੰਗਲੈਂਡ ਵਿਚ ਵੈਸੇ ਵੀ ਇਸ ਗੱਲ ਦਾ ਏਨਾ ਨਿੱਕਾ ਨਿੱਕਾ ਖਿਆਲ ਰਖਿਆ ਜਾਂਦਾ ਹੈ ਕਿ ਕਿਸੇ ਦੇ ਹੱਕ ਤੇ ਜ਼ਰਾ ਜਿੰਨਾ ਵੀ ਫਰਕ ਨਾ ਪਏ। ਭਾਰਤ ਵਾਂਗ ਇਥੇ ਨਹੀਂ ਹੁੰਦਾ ਕਿਸੇ ਦੀ ਕਾਰ ਨਾਲ ਢੋ ਲਾ ਕੇ ਖਲੋ ਜਾਵੇ ਕਿਸੇ ਦੇ ਖੜੇ ਸਕੂਟਰ ਦੀ ਕਾਠੀ ਤੇ ਹੀ ਚੜ੍ਹ ਜਾਵੇ ਅਤੇ ਹਰ ਰਸਤਾ ਅਪਣਾ ਹੀ ਸਮਝੇ। (ਬਰਮਿੰਘਮ ਵਿਚ ਅਸੀਂ ਆਪਣੇ ਸੱਜਣ ਦੇ ਘਰ ਦੇ ਮੂਹਰੇ ਬਾਹਰ ਵਾਰ ਖੜੇ ਸਾਂ : ਛੋਟੀ ਦੀਵਾਰ ਦੇ ਆਸਰੇ ਲੈ ਕੇ ਅੰਦਰੋਂ ਘਰ ਦਾ ਗੋਰਾ ਮਾਲਕ ਬਾਹਰ ਆਇਆ, ਕਹਿਣ ਲਗਾ ਇਹ ਮੇਰੀ ਜਾਇਦਾਦ ਹੈ Its my property ਅਸੀ ਸਭ ਪਿਛੇ ਹਟ ਗਏ।) ਇਹਨਾ ਕੁਟੀਆਵਾਂ ਤੋਂ ਥਲੇ ਜਾਂਦਾ ਰਸਤਾ ਝੀਲ ਤਕ ਪੁਜਦਾ ਸੀ।



Sri Satguru Jagjit Singh Ji eLibrary NamdhariElibrary@gmail.com

ਆਲੇ ਦੁਆਲੇ ਕੁਦਰਤੀ ਦਰਖਤ ਸਨ । ਐਨ ਇਕ ਜੰਗਲ ਦਾ ਪ੍ਰਭਾਵ ਪੈਂਦਾ ਸੀ । ਪਥਰੀਲੇ ਰਸਤੇ ਦੇ ਆਲੇ ਦੁਆਲੇ ਫੁਲਦਾਰ ਬੂਟੇ ਸਨ । ਇਹ ਇਲਾਕਾ ਜੜੀਆਂ ਬੂਟੀਆਂ ਵਾਸਤੇ ਵੀ ਪ੍ਰਸਿੱਧ ਹੈ । ਸਤਿਗੁਰੂ ਜੀ ਹੌਲੀ ਹੌਲੀ ਇਸ ਰਸਤੇ ਰਾਹੀਂ ਝੀਲ ਨੂੰ ਜਾਂਦੇ ਵਖ ਵਖ ਬੂਟਿਆਂ ਅਤੇ ਫੁਲਾਂ ਨੂੰ ਖੋਜਵੀਂ ਨਜ਼ਰ ਨਾਲ ਦੇਖਦੇ ਖੜੇ ਹੋ ਕੇ ਇਹਨਾਂ ਬਾਰੇ ਸ: ਗੁਰਚੰਨ ਸਿੰਘ ਜੀ ਨਾਲ ਵਿਚਾਰ ਕਰਦੇ ਅਤੇ ਇਵੇਂ ਇਹ ਸਾਰਾ ਗਰੁਪ ਆਪਣੇ ਸਤਿਗੁਰੂ ਦਾ ਸੰਗ ਸਾਥ ਵੀ ਮਾਣ ਰਿਹਾ ਸੀ ਅਤੇ ਦੂਈ ਕੁਦਰਤ ਦੀ ਸਾਜਨਾ ਦਾ ਅਨੰਦ ਵੀ ਲੈਂਦਾ ਚਲੋ ਨੂੰ ਜਾ ਰਿਹਾ ਸੀ । ਖਬੇ ਪਾਸੇ ਘਾਹ ਵਾਲੀਆਂ ਪੈਲੀਆਂ ਸਨ । ਸੰਘਣੇ ਜੰਗਲ ਨੁਮਾ ਰਸਤੇ ਰਾਹੀਂ ਝੀਲ ਤੇ ਪੁਜੇ ਤਾਂ ਅਗੇ ਵਿਸ਼ਾਲ ਝੀਲ ਦਾ ਪਾਣੀ ਅਪਣੇ ਪੂਰੇ ਜੋਬਨ ਅਤੇ ਮਟਕ ਨਾਲ ਮੀਲਾਂ ਤਕ ਪਸਰਿਆ ਖੜਾ ਸੀ । ਬਿਲਕੁਲ ਸ਼ੀਸ਼ੇ ਵਰਗਾ ਸਾਫ ਪਾਣੀ ਠੰਡਾ ਤਾਂ ਸੀ ਹੀ : ਝੀਲ ਦੇ ਕੰਢੇ ਤੋਂ ਇਕ ਲਕੜੀ ਦਾ ਪੁਲ ਬਣਾਇਆ ਗਿਆ ਸੀ ਜੋ ਕੁਝ ਦੂਰ ਝੀਲ ਦੇ ਅੰਦਰ ਜਾ ਕੇ ਸਮਾਪਤ ਹੁੰਦਾ ਸੀ । ਉਸ ਰਾਹੀਂ ਝੀਲ ਦੇ ਅੰਦਰ ਤਕ ਪੈਦਲ ਜਾਏ ਤਾਂ ਆਲੇ ਦੁਆਲੇ ਦੇ ਵੱਖ ਵੱਖ ਆਰਾਮ ਘਰਾਂ ਹੋਟਲਾਂ ਅਤੇ ਨਿਜੀ ਘਰਾਂ ਚੋਂ ਨਿਕਲਦੇ ਅਜਿਹੇ ਅਨੇਕਾਂ ਹੀ ਪੁਲ ਝੀਲ ਦੇ ਕੰਢੇ ਤੇ ਬਣੇ ਵੇਖੇ । ਇਹਨਾਂ ਪੁਲਾਂ ਰਾਹੀਂ ਤੁਸੀਂ ਝੀਲ ਵਿਚ ਉਤਰਕੇ ਇਸ਼ਨਾਨ ਕਰ ਸਕਦੇ ਹੋ ਤਾਰੀਆਂ ਦਾ ਸਵਾਦ ਹੋ ਜੇ ਆਪਣੀ ਕਿਸ਼ਤੀ ਕਈ ਲੈ ਕੇ ਗਏ ਹੋ ਤਾਂ ਉਸਦੀ ਸਵਾਰੀ ਕਰ ਸਕਦੇ ਹੋ । ਕਿਰਾਏ ਤੇ ਦੀ ਕਿਸ਼ਤੀ ਦਾ ਇੰਤਜ਼ਾਮ ਹੋ ਸਕਦਾ ਹੈ ।

ਇਸ ਵੇਲੇ ਦੂਰ ਸੂਰਜ ਬਦਲਾਂ ਨਾਲ ਲੁਕਣ ਮੀਚੀ ਖੇਡ ਰਿਹਾ ਸੀ । ਬਦਲੀਆਂ ਨੂੰ ਰੰਗ ਸੁਵੰਨੇ ਰੰਗ ਦੇਂਦਾ ਜਦੋਂ ਸੂਰਜ ਲਿਸ਼ਕਾਰਾ ਮਾਰਦਾ ਤਾਂ ਉਸਦੀ ਚਮਕ ਝੀਲ ਦੇ ਪਾਣੀਆਂ ਨੂੰ ਸੁਨਹਿਰੀ ਰੰਗਤ ਨਾਲ ਰੁਸ਼ਨਾ ਦਿੰਦੀ ਅਤੇ ਝੀਲ ਤੇ ਪਸਰੀਆਂ ਲਹਿਰਾਂ ਦਾ ਵੇਗ ਪ੍ਰਤਖ ਕਰ ਦੇਂਦੀ । ਕੰਢੇ ਦੇ ਕੋਲ ਉਗੇ ਬੂਟਿਆਂ ਚੋਂ ਬਤਖਾਂ ਆਦਿ ਨਿਕਲਦੀਆਂ ਅਤੇ ਅਪਣੀਆਂ ਲੰਮੀਆਂ ਧੌਣਾਂ ਚੁਕੀ ਮਾਨ ਮਤੀਆਂ ਧਾਈਆਂ 'ਚ ਕਲੋਲਾਂ ਕਰਦੀਆਂ ਵਾਪਸ ਬੂਟਿਆਂ ਨੂੰ ਮੁੜ ਆਉਂਦੀਆਂ । ਦੂਰ ਤਕ ਮੋਟਰ ਬੋਟਾਂ ਕਿਸ਼ਤੀਆਂ ਅਤੇ ਹੋਰ ਪਾਣੀ ਦੇ ਵਾਹਣਾਂ ਵਿਚ ਯਾਤਰੀ ਵਿਚਰਦੇ ਅਨੰਤ ਸੁਆਦ ਵਿਚ ਮਸਤ ਦਿੱਸਦੇ ।

ਝੀਲ ਦੇ ਪਾਣੀ ਨੂੰ ਵੇਖਿਆ ਪਰਖਿਆ ਗਿਆ ਪੀਣ ਦੇ ਕਾਬਲ ਸੀ । ਸੰਧ ਦੇ ਲੰਗਰ ਵਾਸਤੇ ਇਹ ਹੀ ਜਲ ਵਰਤਿਆ ਜਾਣਾ ਸਤਿਗੁਰਾਂ ਪਰਵਾਨ ਕੀਤਾ । ਸਤਿਗੁਰੂ ਜੀ ਦੇ ਲੰਗਰ ਵਾਸਤੇ ਨਲਕੇ ਦਾ ਪਾਣੀ ਨਹੀਂ ਵਰਤਿਆ ਜਾਂਦਾ । ਖੂਹ ਦਰਿਆ ਝਰਨੇ ਜਾਂ ਕੁਦਰਤੀ ਝੀਲਾਂ ਦਾ ਪਾਣੀ ਵਰਤਿਆ ਜਾਂਦਾ ਹੈ । ਸਿੰਘਾਂ ਨੇ ਪੂਰੇ ਹੀ ਕਲਸ਼ ਭਰ ਲਏ ਸਨ ।

ਵਾਪਸੀ ਤੇ ਚੜ੍ਹਾਈ ਚੜ੍ਹ ਕੇ ਆਉਣਾ ਸੀ । ਸਤਿਗੁਰੂ ਜੀ ਵੱਡੀ ਤੇਜ਼ੀ ਨਾਲ ਤੁਰੇ ਕਿ ਨਾਲ ਦਿਆਂ ਵਾਸਤੇ ਸਾਥ ਰਖਣਾ ਮੁਸ਼ਕਲ ਹੋ ਗਿਆ । ਜਮਾਤ ਦੇ ਚੜ੍ਹਦੇ ਚੜ੍ਹਦੇ ਦਮ ਹੀ ਚੜ੍ਹ ਗਏ ਸਨ । ਸਾਨੂੰ ਅੰਦਾਜ਼ਾ ਹੋ ਗਿਆ ਸੀ ਕਿ ਸਤਿਗੁਰਾਂ ਕਿਹੋ ਜਿਹਾ ਆਰਾਮ ਏਥੇ ਕਰਨਾ ਹੈ ।

ਝੀਲ ਵਿਚੋਂ ਸੰਧ ਦਾ ਪਾਣੀ ਚੋਖੀ ਮਾਤਰਾ ਵਿਚ ਸਟੋਰ ਕਰ ਲਿਆ ਗਿਆ ਸੀ । ਲੰਗਰ ਦੀ ਤਿਆਰੀ ਵਿਚ ਖੁਦ ਪੂਜ ਮਾਤਾ ਚੰਦ ਕੌਰ ਜੀ, ਬੀਬੀ ਜਸਪਾਲ ਕੌਰ ਢਲੋਂਕਾ, ਉਹਨਾਂ ਦੀ ਸਪੁਤਰੀ ਅੰਮ੍ਰਿਤ ਅਤੇ ਨੂੰਹ ਸਤਵੰਤ ਸੌਂਧ ਵਧ ਕੇ ਸ਼ਾਮਲ ਸਨ ।

ਲੌਢੇ ਵੇਲੇ ਅਸੀਂ ਗੱਡੀਆਂ ਤੇ ਚੜ੍ਹ ਕੇ ਬਾਹਰ ਘੁੰਮਣ ਨੂੰ ਨਿਕਲੇ । ਸ਼ਹਿਰ ਦੀਆਂ ਸਾਫ ਸੜਕਾਂ ਤੋਂ ਦੱਖਣ ਵਲ ਨੂੰ ਹੁੰਦੇ ਹੋਏ ਮੁੜ ਝੀਲ ਦੇ ਕੰਢੇ ਕੰਢੇ ਬਾਹਰਲੇ ਪਾਸੇ ਆ ਕੇ ਠਹਿਰ ਗਏ । ਇਹ ਵਿੰਡਮੇਅਰ ਸ਼ਹਿਰ ਦੇ ਨਾਲ ਦਾ ਲਗਵਾਂ ਇਲਾਕਾ ਅਸਲ ਵਿਚ ਪੁਰਾਣਾ ਪਿੰਡ ਬੋਨੈਸ Bowness ਹੈ ਜੋ ਹੁਣ ਵਿੰਡਮੇਅਰ ਦੇ ਨਾਲ ਹੀ ਲਗਦਾ ਹੈ । ਇਹ ਪਿੰਡ ਇੰਗਲੈਂਡ ਦੇ ਸਭ ਤੋਂ ਪੁਰਾਣੇ ਪਿੰਡਾਂ ਵਿਚੋਂ ਇਕ ਹੈ । ਲੇਕ ਦੇ ਸੇਟਲਮੈਂਟ ਰਿਕਾਰਡ ਵਿਚ ਇਹਦਾ ਜ਼ਿਕਰ ਸੰਨ ੧੧੯੦ ਦੇ ਕਾਗਜ਼ਾਂ ਵਿਚ ਆਉਂਦਾ ਹੈ । ਜ਼ਹਿਰੋਂ ਤੇ ਇਥੇ ਦੇ ਵਸਨੀਕ ਬਹੁਤ ਅਮੀਰ ਪਾਂਦ ਰਹੇ ਹਨ । ਲੇਕ ਡਿਸਟ੍ਰਿਕਟ ਲਗ ਭਗ ਦੋ ਸੌ ਸਾਲ ਪਹਿਲਾਂ ਟੂਰਿਸਟਾਂ ਦੀਆਂ ਅੱਖਾਂ ਵਿਚ ਆਇਆ ਸੀ । ਅੱਜ ਵਿੰਡਮੇਅਰ ਤੇ ਬੋਨੈਸ ਦੇ ਦੋਵੇਂ ਪਿੰਡ ਰਲਕੇ ਸਮੁਚੇ ਲੇਕ ਡਿਸਟ੍ਰਿਕਟ ਨੈਸ਼ਨਲ ਪਾਰਕ ਵਿਚੋਂ ਜ਼ਿਆਦਾ ਰੌਣਕ ਵਾਲੇ ਹਨ । ਹੋਟਲਾਂ, ਆਰਾਮ ਘਰਾਂ, ਕਰਾਏ ਦੇ ਰੈਣ ਬਸੇਰਿਆਂ, ਦੁਕਾਨਾਂ ਅਤੇ ਮਕਾਨਾਂ ਦੀ ਵਸੋਂ ਬਹੁਤ ਪਸਰ ਗਈ ਹੈ । ਸੰਨ ੧੮੯੫, ੧੯੪੭, ੧੯੬੩ ਅਤੇ ੧੯੮੬ ਵਿਚ ਇਥੇ ਏਨੀ ਬਰਫ ਪਈ ਕਿ ਸਾਰੇ ਦਾ ਲੈਂਡ ਦੇ ਸੰਗੀਨ ਲੰਗ ਇਥੇ ਕੀਆਂ ਕਿਸ਼ਤੀਆਂ ਤੇ ਸ਼ਕਤ ਤੇ ਤਰਨ ਤੇ



Sri Satguru Jagjit Singh Ji eLibrary NamdhariElibrary@gmail.com

ਰਿਫ਼ਲ ਤੇ ਬਰਫ਼ ਦੀਆਂ ਰੇਸਾਂ ਸਕੇਟਿੰਗ ਆਦਿ ਵਾਸਤੇ ਟੁਟ ਪਏ ਸਨ।

ਮੱਛੀਆਂ ਫੜਣ ਵਾਲਿਆਂ ਵਾਸਤੇ ਇਹ ਝੀਲ ਬਹੁਤ ਆਕਰਸ਼ਕ ਹੈ। ਇਥੇ ਜੋਆ ਮੱਛੀਆਂ ਦੀਆਂ ਅਨੇਕਾਂ ਕਿਸਮਾਂ ਮਸ਼ਹੂਰ ਹਨ ਅਤੇ ਸਭ ਤੋਂ ਮਸ਼ਹੂਰ 'ਚਾਰ' ਨਾਮ ਦੀ ਮਛਲੀ ਹੈ। ਇਸ ਦੀ ਮਸ਼ਹੂਰੀ ਸਾਰੇ ਇੰਗਲੈਂਡ ਵਿਚ ਹੋ ਗਈ। ਇਹ ਮੱਛੀਆਂ ਆਪਣੀ ਮਸ਼ਹੂਰੀ ਕਰਕੇ ਆਪਣੀ ਮੌਤ ਨੂੰ ਸੱਦਾ ਦੇਂਦੀਆਂ ਹਨ। ਯਾਤਰੂਆਂ ਦਾ ਅਨੰਦ ਮੱਛੀਆਂ ਦੀ ਮੌਤ।

ਬੋਨੈਸ ਪਿੰਡ ਕੋਲ ਝੀਲ ਧਰਤੀ ਦੇ ਅੰਦਰ ਵਲ ਕੁਝ ਧੱਸੀ ਹੋਈ ਹੈ। ਇਸ ਨੂੰ ਬੋਨੈਸ ਦੀ ਖਾੜੀ ਕਿਹਾ ਜਾਂਦਾ ਹੈ ਇਥੇ ਚਪੂ ਨਾਲ ਚਲਣ ਵਾਲੀਆਂ ਕਿਸ਼ਤੀਆਂ, ਮੋਟਰ ਬੋਟਾਂ ਆਦਿਕ ਕਿਰਾਏ ਤੇ ਮਿਲਦੀਆਂ ਹਨ। ਚੱਪੂ ਵਾਲੀਆਂ ਕਿਸ਼ਤੀਆਂ ਬਹੁਤ ਹਲਕੀਆਂ ਫਾਈਬਰ ਦੀਆਂ ਬਣੀਆਂ ਵੀ ਤੇ ਲੱਕੜ ਦੀਆਂ ਵੀ ਹਨ। ਇਥੇ ਆਉਣ ਵਾਲੇ ਯਾਤਰੂ ਅਪਣੀਆਂ ਕਾਰਾਂ ਦੀਆਂ ਟਰਾਲੀਆਂ ਤੇ ਵੀ ਅਕਸਰ ਆਪਣੀਆਂ ਕਿਸ਼ਤੀਆਂ ਲਦਕੇ ਲਿਆਉਂਦੀਆਂ ਹਨ। ਉੱਚੀ ਪਹਾੜੀ ਤੋਂ ਇਸ ਝੀਲ ਤੇ ਨਜ਼ਰ ਮਾਰਿਆਂ ਇਹਨਾਂ ਕਿਸ਼ਤੀਆਂ ਦਾ ਬਹੁਤ ਸੁੰਦਰ ਨਜ਼ਾਰਾ ਦਿੱਸਦਾ ਹੈ। ਨੀਲੇ ਪਾਣੀਆਂ ਵਿਚ ਚਿੱਟੀਆਂ ਕਿਸ਼ਤੀਆਂ ਇਵੇਂ ਚਮਕਦੀਆਂ ਹਨ ਜਿਵੇਂ ਅਕਾਸ਼ ਵਿਚ ਤਾਰੇ।

ਝੀਲ ਦੇ ਨਾਲ ਨਾਲ ਜਾਂਦੀ ਸੜਕ ਦੇ ਦੂਸਰੇ ਪਾਸੇ ਘਾਹ ਦੀਆਂ ਢਲਵਾਨਾਂ ਸਨ। ਬੱਚੇ ਫੁਟਬਾਲ ਖੇਡ ਰਹੇ ਸਨ। ਹੁਣ ਕੁਝ ਬੂੰਦਾਬਾਂਦੀ ਵੀ ਹੋ ਜਾਂਦੀ ਸੀ। ਸਰਦੀ ਵੀ ਹੋ ਜਾਂਦੀ ਸੀ ਹਵਾ ਨਾਲ। ਇਹਨਾਂ ਢਲਵਾਨਾਂ ਤੇ ਕਾਫ਼ੀ ਦੇਰ ਚਹਿਲ ਕਦਮੀ ਹੁੰਦੀ ਰਹੀ। ਵਾਪਸ ਅਸੀਂ ਬੋਨੈਸ ਖਾੜੀ ਦੀ ਨੁਕਰ ਤੇ ਪੁਜੇ ਤਾਂ ਧੁਪ ਮੁੜ ਚੜ੍ਹ ਚੁੱਕੀ ਸੀ। ਇਥੇ ਮੋਟਰ ਬੋਟਾਂ ਕਿਰਾਏ ਤੇ ਚਲਦੀਆਂ ਸਨ। ਇਸ ਤੋਂ ਪਹਿਲਾਂ ਹੀ ਇਥੋਂ ਦੇ ਬਾਜ਼ਾਰ ਚੋਂ ਕਿਸ਼ਤੀਆਂ ਦੀ ਖਰੀਦ ਬਾਰੇ ਵੀ ਗਲਬਾਤ ਕੀਤੀ ਗਈ। ਝੀਲ ਦੀ ਸੈਰ ਕਰਾਉਣ ਵਾਲੀ ਮੋਟਰ ਬੋਟ ਲਾਂਚ ਚਲਣ ਵਾਲੀ ਸੀ। ਲਾਂਚ ਦਾ ਅੰਦਰਲਾ ਹਿੱਸਾ ਤਾਂ ਸ਼ੀਸ਼ੇ ਦਿਆਂ ਪਰਦਿਆਂ ਵਿਚ ਹੋਣ ਕਰਕੇ ਹਵਾ ਤੋਂ ਬਚਾਉਂਦਾ ਹੈ ਪਰ ਛੱਤ ਉਤੇ ਵੀ ਸੀਟਾਂ ਲਗੀਆਂ ਹਨ ਜੇ ਖੁਲੀ ਹਵਾ ਦਾ ਰਸ ਮਾਨਣਾ ਹੋਵੇ ਤਾਂ ਉਪਰ ਬੈਠਿਆ ਜਾਂਦਾ ਹੈ। ਧੁਪ ਚੜ੍ਹੀ ਹੋਈ ਸੀ ਇਸ ਵਾਸਤੇ ਆਲੇ ਦੁਆਲੇ ਨੂੰ ਚੰਗੀ ਤਰ੍ਹਾਂ ਨਿਹਾਰਨ ਵਾਸਤੇ ਇਹ ਸਵੇਤ ਧਾਰੀ ਜਥਾ ਉਪਰ ਹੀ ਬਿਰਾਜਮਾਨ ਹੋ ਗਿਆ। ਨਾਲ ਹੋਰ ਵੀ ਅੰਗਰੇਜ਼ ਮਰਦ ਔਰਤਾਂ ਯਾਤਰੂ ਬੈਠੇ ਸਨ।

ਮੋਟਰ ਬੋਟ ਲਾਂਚ ਤੁਰ ਪਿਆ ਪਹਿਲਾਂ ਹੇਠਾਂ ਦੱਖਣ ਵਲ ਨੂੰ ਗਿਆ। ਝੀਲ ਵਿਚ ਕਈ ਛੋਟੇ ਛੋਟੇ ਟਾਪੂ ਸਨ ਜਿਥੇ ਘਣੇ ਦਰਖਤ ਉਗੇ ਹੋਏ ਸਨ। ਹਵਾ ਠੰਡੀ ਵਗ ਰਹੀ ਸੀ ਪਰ ਧੁਪ ਕਰਕੇ ਬਚਾਅ ਸੀ। ਛੋਟੀਆਂ ਕਿਸ਼ਤੀਆਂ ਵਿਚ ਲੋਕ ਸੈਰ ਕਰ ਰਹੇ ਸੀ। ਜਿਧਰ ਨਜ਼ਰ ਮਾਰ ਪਾਣੀ ਹੀ ਸੀ। ਝੀਲ ਦੇ ਪਾਰਲੇ ਪਾਸੇ ਪਹਾੜੀ ਜੰਗਲਾਂ ਦੇ ਨਜ਼ਾਰੇ ਬਦਲ ਬਦਲ ਕੇ ਆ ਰਹੇ ਸਨ। ਜਿਉਂ ਜਿਉਂ ਝੀਲ ਦੇ ਅੰਦਰ ਨੂੰ ਜਾ ਰਹੇ ਸਾਂ ਆਲੇ ਦੁਆਲੇ ਦੀ ਸੁੰਦਰਤਾ ਅਤੇ ਦਿਲਕਸ਼ਤਾ ਹੋਰ ਵੀ ਉਜਾਗਰ ਹੋ ਰਹੀ ਸੀ।

ਲਗਪਗ ਡੇਢ ਘੰਟਾ ਅਸੀਂ ਘੁੰਮੇ। ਇਸੇ ਦੌਰਾਨ ਬਦਲ ਆ ਗਏ ਤੇ ਧੁੱਪ ਅਲੋਪ ਹੋ ਗਈ। ਸਰਦ ਹਵਾ ਨੇ ਜ਼ੋਰ ਪਾ ਦਿਤਾ। ਸ਼ੁਕੀਨ ਯਾਤਰੀ ਤਾਂ ਠੰਡ ਕਰਕੇ ਕੈਬਨ ਦੇ ਅੰਦਰ ਚਲੇ ਗਏ। ਸਰਦੀ ਵਧ ਰਹੀ ਸੀ ਪਰ ਅਸਾਂ ਤਾਂ ਸਤਿਗੁਰੂ ਜੀ ਦੇ ਨਾਲ ਹੀ ਵਿਚਰਨਾ ਸੀ। ਮੇਰੀ ਗਰਮ ਚਾਦਰ ਹਰਬੰਸ ਸਿੰਘ ਨੇ ਲੈ ਲਈ ਸੀ। ਸਤਿਗੁਰੂ ਜੀ ਨੇ ਸਿਰਫ਼ ਗਰਮ ਕੋਟੀ ਹੀ ਪਾਈ ਸੀ। ਸੰਤ ਜਸਵੰਤ ਸਿੰਘ ਕਲ੍ਹਾ ਜੀ ਨੇ ਸਤਿਗੁਰੂ ਜੀ ਨੂੰ ਓਵਰਕੋਟ ਭੇਟ ਕਰਕੇ ਸਤਿਗੁਰਾਂ ਦੀ ਸਿਹਤ ਦੀ ਫ਼ਿਕਰਮੰਦੀ ਜ਼ਾਹਿਰ ਕੀਤੀ। ਆਪ ਨੇ ਆਪਣੀ ਜਰਸੀ ਵੀ ਉਤਾਰ ਕੇ ਰੱਖ ਦਿਤੀ। ਹੁਣ ਕਲ੍ਹਾ ਜੀ ਨੇ ਫਿਰ ਬੇਨਤੀ ਕੀਤੀ ਗਰੀਬ ਨਿਵਾਜ਼ ਕੋਟੀ ਤਾਂ ਪਾ ਲਵੋ। ਹੁਣ ਸਤਿਗੁਰਾਂ ਦੇ ਹੱਥ ਕੁੜਤੇ ਦੇ ਬਟਨਾਂ ਨੂੰ ਗਏ। ਇਸ਼ਾਰਾ ਹੀ ਕਾਫ਼ੀ ਸੀ ਆਪ ਨੂੰ ਸਰਦੀ ਲਗ ਨਹੀਂ ਸੀ ਰਹੀ ਜਾਂ ਪਰਵਾਹ ਨਹੀਂ ਸੀ। ਹੁਣ ਕਲ੍ਹਾ ਸਾਹਿਬ ਦੀ ਹਿੰਮਤ ਨਹੀਂ ਪਈ ਕੋਈ ਦੂਸਰੀ ਗਲ ਕਰਨ ਦੀ। ਝੀਲੋਂ ਵਾਪਸੀ ਤੇ ਤੇਜ਼ ਰਫ਼ਤਾਰੀ ਅਤੇ ਰੂਪ ਦੇ ਰੰਗ ਤੋਂ ਸਪਸ਼ਟ ਸੀ ਕਿ ਸਤਿਗੁਰੂ ਜੀ ਦੀ ਸਿਹਤ ਠੀਕ ਹੈ। ਝੀਲ ਦੀ ਹਿਕ ਤੇ ਤੈਰਦਾ ਮੋਟਰ ਬੋਟ ਗੋਲ ਚੱਕਰ ਲਾ ਕੇ ਆਪਣੇ ਡੇਰੇ ਸਾਹਮਣਿਓਂ ਦੀ ਲੰਘਿਆ ਹੋਰ ਵੀ ਮੋਟਰ ਬੋਟ ਘੁੰਮ ਰਹੇ ਸਨ। ਸੰਤ ਮਨੋਹਰ ਸਿੰਘ ਦੀਆਂ ਪੋਲੀਆਂ ਪੋਲੀਆਂ ਕਹੀਆਂ ਸਾਖੀਆਂ ਦੀ ਚਲ ਰਹੀਆਂ ਸਨ। (ਚਲਦਾ)



Sri Satguru Jagjit Singh Ji eLibrary NamdhariElibrary@gmail.com

## ਚੌਗਿਰਦਾ

### ਭਾਰਤ 'ਚ ਪਸ਼ੂ ਸਭ ਤੋਂ ਵਧ ਪਰ ਦੁੱਧ...?

ਬੰਗਲੌਰ—ਭਾਰਤ ਵਿਚ ਦੁਧਾਰੀ ਪਸ਼ੂ ਭਾਵੇਂ ਸਭ ਤੋਂ ਵਧ ਹਨ ਪਰ ਦੁਧ ਪੈਦਾਵਾਰ ਵਿਚ ਇਸ ਦਾ ਨੰਬਰ ਸੰਸਾਰ ਵਿਚ ਵੀਹਵਾਂ ਹੈ। ਭਾਰਤ ਦੀਆਂ ੬.੨੦ ਕਰੋੜ ਮੱਝਾਂ ਅਤੇ ੮ ਕਰੋੜ ਗਾਈਆਂ ੪.੨੦ ਕਰੋੜ ਟਨ ਦੁਧ ਦਿੰਦੀਆਂ ਹਨ ਜਦ ਕਿ ਸੰਸਾਰ ਉਤਪਾਦਨ ੪੦ ਕਰੋੜ ਟਨ ਹੈ। ੧੯੮੧-੮੨ ਵਿਚ ਪ੍ਰਤੀ ਵਿਅਕਤੀ ਨੂੰ ੧੩੧ ਗਰਾਮ ਦੁਧ ਮਿਲਦਾ ਸੀ। ਇਹ ਦੇਸ਼ ਵਿਚ ੧੯੬੯-੭੦ 'ਚ ਪ੍ਰਤੀ ਵਿਅਕਤੀ ੯੯ ਗਰਾਮ ਮਿਲਦਾ ਸੀ।

### ਸੱਜੇ ਪਾਸੇ ਧੜਕਦਾ ਦਿੱਲ

ਮਾਸਕੋ—ਉਸ ਦੇ ਦਿਲ ਸਜੇ ਪਾਸੇ ਧੜਕਦਾ ਹੈ, ਜਿਹੜਾ ਖਬੇ ਪਾਸੇ ਹੈ 'ਤੇ ਸਰੀਰ ਦੇ ਹੋਰ ਸਾਰੇ ਅੰਗ ਵੀ ਉਲਟ ਲਗੇ ਹੋਏ ਹਨ। ਇਹ ਸਭ ਉਦੋਂ ਸਾਹਮਣੇ ਆਇਆ, ਜਦੋਂ ਸੋਵੀਅਤ ਯੂਨੀਅਨ ਦੇ ਇਕ ਪੇਂਡੂ ਹਸਪਤਾਲ ਵਿਚ ਉਸ ਨੂੰ ਅਪੈਂਡੇ-ਸਾਈਟਸ ਦੇ ਅਪਰੇਸ਼ਨ ਲਈ ਲਿਆਂਦਾ ਗਿਆ। ਪਰ ਇਹ ਨਾਲ ਲਭ ਨਹੀਂ ਰਹੀ ਸੀ। ਦੂਜੇ ਅਪਰੇਸ਼ਨ ਤੋਂ ਬਾਅਦ ਪਤਾ ਲਗਾ ਕਿ ਇਹ ਨਾੜ ਤਾਂ ਉਥੇ ਹੀ ਸੀ ਪਰ ਸਜੇ ਪਾਸੇ ਨਹੀਂ ਸੀ। ਸਰਜਨ ਅਨੁਸਾਰ ਇਸ ਤਰ੍ਹਾਂ ਲਖਾਂ ਵਿਚੋਂ ਇਕ ਦੇ ਹੁੰਦਾ ਹੈ।

### ਮਰਨ ਲਈ ਮਰੀਜ਼ਾਂ ਦੀ ਮਦਦ

ਪੰਜ ਫਰਾਂਸੀਸੀ ਡਾਕਟਾਂ ਨੇ ਖੁਲੇ-ਆਮ ਇਹ ਗਲ ਸਵੀਕਾਰ ਕੀਤੀ ਹੈ ਕਿ ਉਹਨਾਂ ਬਹੁਤ ਬੁਰੀ ਤਰ੍ਹਾਂ ਬੀਮਾਰੀ ਤੋਂ ਪੀੜਤ ਮਰੀਜ਼ਾਂ ਦੀ ਮੌਤ ਵਿਚ ਉਹਨਾਂ ਦੀ 'ਮਦਦ' ਕੀਤੀ। ਉਹਨਾਂ ਕਿਹਾ ਹੈ ਕਿ ਡਾਕਟਰੀ ਕਿੱਤੇ ਲਈ ਹੁਣ ਇਹ ਸਮਾਂ ਆ ਗਿਆ ਹੈ ਕਿ ਆਰਾਮ ਨਾਲ ਮਰ ਜਾਣ ਦੀ ਇੱਛਾ ਕਰਨ ਵਾਲੇ ਬੁਰੀ ਤਰ੍ਹਾਂ ਪੀੜਤ ਮਰੀਜ਼ਾਂ ਦੀ ਮਦਦ ਕੀਤੀ ਜਾਏ। ਫਰਾਂਸ ਵਿਚ ਇਸ ਤਰ੍ਹਾਂ ਦੀ ਗਲ ਪਹਿਲੀ ਵਾਰੀ ਕਹੀ ਗਈ ਹੈ।

### ਪੰਜਾਬ 'ਚ ਦਾਖਲੇ ਤੇ ਰੋਕ ਵਧੀ

ਨਵੀਂ ਦਿੱਲੀ—ਪੰਜਾਬ ਵਿਚ ਬਦੇਸ਼ੀ ਨਾਗਰਿਕਾਂ ਦੇ ਦਾਖਲੇ ਉਤੇ ਰੋਕ ੨ ਫਰਵਰੀ ੧੯੮੫ ਤਕ ਲਈ ਵਧਾ ਦਿਤੀ ਗਈ ਹੈ। ਬਦੇਸ਼ੀ ਪਾਸਪੋਰਟ ਵਾਲਾ ਕੋਈ ਬੰਦਾ ਭਾਰਤ ਸਰਕਾਰ ਜਾਂ ਬਦੇਸ਼ਾਂ ਵਿਚ ਭਾਰਤੀ ਮਿਸ਼ਨਾਂ ਤੋਂ ਪ੍ਰਵਾਨਗੀ ਲਏ ਬਿਨਾਂ ਪੰਜਾਬ ਵਿਚ ਦਾਖਲ ਨਹੀਂ ਹੋ ਸਕਦਾ।

### ਬਹੁਤੇ ਅੰਨੇ ਹੋ ਜਾਣਗੇ...

ਭੋਪਾਲ ਅਤੇ ਇਸ ਦੇ ਨਾਲ ਲਗਦੇ ਖੇਤਰਾਂ ਦੇ ਜੋ ਲੋਕ ਜ਼ਹਿਰਲੀ ਗੈਸ ਨਾਲ ਪ੍ਰਭਾਵਿਤ ਹੋਏ ਹਨ ਉਹਨਾਂ ਦੀ ਵਡੀ ਗਿਣਤੀ ਆਪਣੀ ਅੱਖਾਂ ਦੀ ਜੋਤੀ ਗੁਆ ਲਏਗੀ।

ਇਹ ਸ਼ਬਦ ਮਧ ਪ੍ਰਦੇਸ਼ ਸਿਹਤ ਸੇਵਾਵਾਂ ਦੇ ਡਾਇਰੈਕਟਰ ਡਾ. ਐਸ. ਐਨ. ਨਾਗੂ ਦੇ ਹਨ। ਅਜਿਹਾ ਅੱਖ 'ਦੀ ਪਤਲੀ ਉਪਰ ਅਸਰ ਹੋਣ ਕਾਰਨ ਹੋਵੇਗਾ। ਉਹਨਾਂ ਕਿਹਾ ਕਿ ਇਸ ਪਤਲੀ ਨੂੰ ਬਦਲਣ ਲਈ ਵੱਡੀ ਗਿਣਤੀ ਵਿਚ ਪੀੜਤਾਂ ਦੀ ਲੋੜ ਹੈ। ਉਹਨਾਂ ਅੱਖਾਂ ਦਾਨ ਕਰਨ ਦੀ ਵੀ ਬੇਨਤੀ ਕੀਤੀ ਹੈ।

### ਪੱਛਮੀ ਦੇਸ਼ ਦੁੱਧ ਦੇਣ ਵਾਲੀਆਂ ਗਊਆਂ ਮਾਰ ਦੇਣਗੇ—ਅਫ਼ਰੀਕਾ 'ਚ ਭੁਖ ਨਾਲ ਮੌਤਾਂ

ਦਵਾਨਾ—ਯੋਰਪੀ ਆਰਥਕ ਭਾਈਚਾਰੇ (ਈ. ਈ.ਸੀ.) ਦੇ ਇਕ ਪ੍ਰੋਗਰਾਮ ਹੇਠ ਦੁੱਧ ਦੀ ਪੈਦਾਵਾਰ ਘਟ ਕਰਨ ਲਈ ਪੱਛਮੀ ਜਰਮਨੀ ੨੬੦੦੦੦ ਗਊਆਂ ਮਾਰਚ ੧੯੮੫ ਤਕ ਮਾਰ ਦਏਗਾ। ਪੱਛਮੀ ਦੇਸ਼ਾਂ ਦੀ ਇਸ ਆਰਥਕ ਜਥੇਬੰਦੀ ਨੇ ੧੯੮੪-੮੫ ਵਿਚ ਦੁਧ ਦੀ ਪੈਦਾਵਾਰ ੨੦ ਲੱਖ ਟਨ ਘਟਾ ਦੇਣ ਦਾ ਫੈਸਲਾ ਕੀਤਾ ਹੈ।

ਯੋਰਪੀ ਆਰਥਕ ਭਾਈਚਾਰ ਵਲੋਂ ਲਏ ਗਏ ਇਸ ਫੈਸਲੇ ਦੀ ਤੀਜੇ ਦੇਸ਼ਾਂ ਖਾਸਕਰ ਇਥੋਪੀਆ ਨੇ ਸਖ਼ਤ ਨਿੰਦਾ ਕੀਤੀ ਹੈ। ਇਥੋਪੀਆ ਜਿਥੇ ਕਿ ਸੋਕੇ ਕਾਰਨ ਮਾਰੂ ਅਕਾਲ ਪਿਆ ਹੋਇਆ ਹੈ। ਇਥੇ ਲਗੇ ਕੈਂਪਾਂ ਵਿਚ ਹਰ ਹਫ਼ਤੇ ਮਰਨ ਵਾਲਿਆਂ ਦੀ ਗਿਣਤੀ ੪੬ ਤੋਂ ੧੨੦ ਤਕ ਪੁਜ ਗਈ ਹੈ। ਇਕ ਮਕਾਮੀ ਡਾਕਟਰ ਅਨੁਸਾਰ ਇਹ ਸਭ ਭੁਖ ਨਾਲ ਮਰ ਰਹੇ ਹਨ।

ਡਾ: ਹੈਨਿਸ ਨੇ ਚਿਤਾਵਨੀ ਦਿਤੀ ਹੈ ਕਿ ਦਸੰਬਰ ਵਿਚ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਵੀ ਵਧ ਜਾਏਗੀ ਜੇ ਯੂ. ਐਨ. ਦੇ ਪ੍ਰਜਾਸ ਵਾਲੇ ਜਹਾਜ਼ ਅਫ਼ਰੀਕਾ ਦੇ ਇਸ ਦੇਸ਼ ਵਿਚ ਨਾ ਪੁੱਜੇ।



Sri Satguru Jagjit Singh Ji eLibrary NamdhariElibrary@gmail.com

ਪੱਛਮੀ ਦੇਸ਼ਾਂ ਵਲੋਂ ਇਹ ਫੈਸਲਾ ਉਸ ਸਮੇਂ ਕੀਤਾ ਜਾ ਰਿਹਾ ਹੈ ਜਦੋਂ ਕਿ ਸੰਯੁਕਤ ਰਾਸ਼ਟਰ ਦੀ ਖੁਰਾਕ ਅਤੇ ਖੇਤੀ ਸੰਸਥਾ ਅਤੇ ਸੰਸਾਰ ਵਿਚ ਭੁਖ ਦਾ ਅੰਤ ਕਰਨ ਲਈ ਬਣਾਈ ਗਈ ਕਮੇਟੀ ਇਹ ਭੁਖ ਨੰਗ ਖਤਮ ਕਰਨ ਦੇ ਯਤਨਾਂ ਵਿਚ ਹਨ।

ਇਥੇ ਇਹ ਵਰਨਣ ਯੋਗ ਹੈ ਕਿ ਇਹ ਪੱਛਮੀ ਦੇਸ਼ ੧੯੯੫ ਵਿਚ ਇਹਨਾਂ ਸੰਸਥਾਵਾਂ ਦੇ ਪ੍ਰੋਗਰਾਮਾਂ ਵਿਚ ਸਹਾਇਤਾ ਦੇਣ ਤੋਂ ਵੀ ਇਨਕਾਰੀ ਹਨ।

## "ਸਾਡੇ ਕੋਲ ਨਾ ਆਉ"

ਕਾਨਪੁਰ—"ਅਸੀਂ ਚੋਰ ਤੇ ਡਾਕੂ ਹਾਂ, ਮਿਹਰ ਬਾਨੀ ਕਰਕੇ ਸਾਡੀ ਬਸਤੀ ਵਿਚ ਵੋਟਾਂ ਮੰਗਣ ਨ ਆਉ"। ਇਹ ਬੋਰਡ ਹਰੀਜਨਾਂ ਤੇ ਗਰੀਬ ਲੋਕਾਂ ਦੀ ਝੌਂਪੜ ਪਾਟੀ ਬਸਤੀ ਵਿਚ ਲਗਾ ਹੋਇਆ ਹੈ।

ਇਹਨਾਂ ਲੋਕਾਂ ਨੂੰ ਗਿਲਾ ਹੈ ਕਿ ਲਗਪਗ ਸਾਰੀਆਂ ਮੁਖ ਪਾਰਟੀਆਂ ਨੇ ਫਸਾਦਾਂ ਵਿਚ ਲੁਟ ਖੋਹ ਤੇ ਹਿੰਸਾ ਲਈ ਇਸ ਬਸਤੀ ਦੇ ਲੋਕਾਂ ਨੂੰ ਹੀ ਦੋਸ਼ੀ ਠਹਿਰਾਇਆ ਹੈ।

## ਚੋਣ ਅੜਿੱਚਣ

ਹੈਦਰਾਬਾਦ—ਸਵਰਗੀ ਡਾਕਟਰ ਅੰਬੇਦਕਰ ਦੀ ਪਤਨੀ ਡਾ: ਸਵਿਤਾ ਕੀਜਰਾ ਹਲਕੇ ਤੋਂ ਚੋਣ ਨਹੀਂ ਲੜ ਸਕੀ ਭਾਵੇਂ ਕਿ ਉਸਦਾ ਪਤੀ ਪਛੜੀਆਂ ਜਾਤਾਂ ਨਾਲ ਸਬੰਧਤ ਸੀ।

ਇਹ ਤਕਨੀਕੀ ਅੜਿਚਣ ਤੇਲਗੂ ਦੇਸਮ ਦਵਾਰਾ ਲੱਭੀ ਗਈ ਜਿਹੜੀ ਉਸਨੂੰ ਕੀਜਰਾ ਹਲਕੇ ਤੋਂ ਆਪਣੇ ਉਮੀਦਵਾਰ ਵਜੋਂ ਖੜਾ ਕਰਨਾ ਚਾਹੁੰਦੀ ਸੀ।

ਡਾ: ਸਵਿਤਾ ਅੰਬੇਦਕਰ ਜਨਮ ਤੋਂ ਇਕ ਬ੍ਰਾਹਮਣ ਹੈ।

## ਸ੍ਰੀਮਤੀ ਗਾਂਧੀ ਦਾ ਕਤਲ ਸੰਸਾਰ ਦੀ ਸਭ ਤੋਂ ਵੱਡੀ ਖਬਰ

ਸ਼ਿਕਾਗੋ—ਐਨਸਾਈਕਲੋਪੀਡੀਆ ਬ੍ਰੀਟਾਨਿਕਾ (ਬਰਤਾਨਵੀ ਗਿਆਨ ਕੋਸ਼) ਦੇ ਐਡੀਟਰਾਂ ਨੇ ਕਿਹਾ ਹੈ ਕਿ ਸ੍ਰੀਮਤੀ ਗਾਂਧੀ ਦਾ ਕਤਲ ਅਤੇ ਉਹਨਾਂ ਦੇ ਕਤਲ ਤੋਂ ਪਹਿਲਾਂ ਤੇ ਬਾਅਦ ਦੇ ਵਾਕਿਆਤ ੧੯੮੪ ਦੀਆਂ ਅਖਬਾਰੀ ਸੁਰਖੀਆਂ ਦਾ ਵਿਸ਼ਾ ਬਣੇ ਜਦੋਂ ਕਿ ਇਥੋਂ ਤਕ ਅਮਰੀਕੀ ਪ੍ਰਧਾਨ ਦੀ ਚੋਣ ਨੂੰ ਵੀ ਦੂਜਾ ਥਾਂ ਹੀ ਪ੍ਰਾਪਤ ਹੋ ਸਕੀ।

ਅਮਰੀਕਾ, ਬਰਤਾਨੀਆ, ਫਰਾਂਸ, ਇਟਲੀ, ਬਰਾਜ਼ੀਲ, ਮੈਕਸੀਕੋ ਤੇ ਜਾਪਾਨ ਵਿਚ ਬਰਤਾਨਵੀ ਗਿਆਨ ਕੋਸ਼ ਦੇ ਐਡੀਟਰਾਂ ਨੇ ਅਜਿਹੀਆਂ ੧੦ ਖਬਰਾਂ ਚੁਣੀਆਂ ਹਨ ਜਿਨ੍ਹਾਂ ਨੂੰ ਅਖਬਾਰਾਂ ਨੇ ਵਿਸ਼ੇਸ਼ ਥਾਂ ਦਿਤੀ।

ਹੋਰ ਖਬਰਾਂ, ਜਿਨ੍ਹਾਂ ਨੂੰ ਅਖਬਾਰਾਂ ਨੂੰ ਉਭਾਰ ਕੇ ਛਾਪਿਆ ਉਹ ਸਨ: ਅਫਰੀਕਾ ਵਿਚ ਕਾਲ, ਚੀਨ ਵਿਚ ਆਰਥਕ ਤੇ ਰਾਜਨੀਤਕ ਖੁਲ੍ਹ, ਕੋਂਸਤੇਨਤਿਨ ਚੇਰਨੇਨਕੋ ਦੀ ਸੋਵੀਅਤ ਆਗੂ ਵਜੋਂ ਚੋਣ, ਸੰਸਾਰ ਮਾਮਲਿਆਂ ਵਿਚ ਵੈਟੀਕਨ ਦਾ ਰੋਲ, ਲਾਸ ਐਂਜਲਜ਼ ਦੀਆਂ ਓਲੰਪਿਕ ਖੇਡਾਂ, ਸੰਸਾਰ-ਵਿਆਪੀ ਵਹਿਸ਼ਤ ਪਸੰਦੀ ਅਮਰੀਕਾ ਸਪੇਸ ਸ਼ਟਲ ਪ੍ਰੋਗਰਾਮ ਤੇ ਭੂਪਾਲ ਵਿਚ ਜ਼ਹਿਰੀਲੀ ਗੈਸ ਦੁਰਘਟਨਾ।

## ਹਿੰਦ 'ਚ ਹਰ ਦਸ ਬੱਚਿਆਂ 'ਚੋਂ ਅੱਠਾਂ ਦੇ ਦੰਦ ਰੋਗੀ-੯੦ ਫੀਸਦੀ ਦੇ ਦੰਦ ਖਰਾਬ

ਨਵੀਂ ਦਿੱਲੀ — ਮੈਡੀਕਲ ਰੀਸਰਚ ਦੇ ਡਾਇਰੈਕਟਰ ਜੇਨਰਲ ਪ੍ਰੋ: ਰਾਮਾਲਿੰਗਾ ਸਵਾਮੀ ਨੇ ਏਥੇ ਕਿਹਾ ਕਿ ਦੇਸ਼ ਦੇ ਹਰ ਦਸ ਬੱਚਿਆਂ ਵਿਚੋਂ ਅੱਠ ਬੱਚਿਆਂ ਦੇ ਦੰਦ ਰੋਗ ਦਾ ਸ਼ਿਕਾਰ ਹਨ ਤੇ ੯੦ ਫੀਸਦੀ ਭਾਰਤੀ ਵਸੋਂ ਦੰਦਾਂ ਜਾਂ ਮਸੂੜਿਆਂ ਦੇ ਰੋਗਾਂ ਤੋਂ ਪੀੜਤ ਹੈ।

ਇੰਡੀਅਨ ਡੈਂਟਲ ਐਸੋਸੀਏਸ਼ਨ ਦੀ ਦਿੱਲੀ ਬਰਾਂਚ ਵਿਚ ਬੋਲਦਿਆਂ ਉਹਨਾਂ ਕਿਹਾ ਕਿ ਬੱਚਿਆਂ ਵਿਚ ਦੰਦਾਂ ਦੇ ਸੜਨ ਜਾਂ ਕੀੜਾ ਲਗਣ ਦਾ ਰੋਗ ਪਿਛਲੇ ਤਿੰਨ ਦਹਾਕਿਆਂ ਵਿਚ ਬਹੁਤ ਵਧ ਗਿਆ ਹੈ। ਤੁਹਾਨੂੰ ਛੇ ਸਾਲ ਦੀ ਉਮਰ ਦੇ ਬੱਚਿਆਂ ਵਿਚ ੬੦ ਤੋਂ ੮੦ ਫੀਸਦੀ ਤਕ ਬੱਚੇ ਅਜੇਹੇ ਮਿਲਣਗੇ। ਜਿਹਨਾਂ ਦੇ ਚਾਰ ਪੰਜ ਦੰਦ ਨਿਸਚੇ ਹੀ ਪੂਰੀ ਤਰ੍ਹਾਂ ਖਰਾਬ ਹੋ ਚੁਕੇ ਹੁੰਦੇ ਹਨ"।

ਉਹਨਾਂ ਕਿਹਾ ਕਿ ਦੰਦਾਂ ਦੇ ਸੜਨ ਦਾ ਰੋਗ ਏਨਾ ਵਧ ਗਿਆ ਹੈ ਕਿ ੨੦ ਸਾਲ ਦੀ ਉਮਰ ਤਕ ਪੁਜਣ ਉਤੇ ਭਾਰਤੀ ਲੋਕਾਂ ਦੇ ਚਿੱਥਣ ਵਾਲੇ ਵਾਲੇ ਦੰਦਾਂ ਦੇ ਖਰਾਬ ਹੋਣ ਦੇ ਆਸਾਰ ਨਜ਼ਰ ਆਉਣ ਲਗ ਪੈਂਦੇ ਹਨ।

ਉਹਨਾਂ ਕਿਹਾ ਕਿ ਖੰਡ ਹੋਰ ਅੰਨ ਅਜੇਹੇ ਜਰਾਸੀਮ ਪੈਦਾ ਕਰਦੇ ਹਨ, ਜਿਹੜੇ ਵਿਗਾੜਕੇ ਤੇਜ਼ਾਬ ਮਾਦੇ ਦੀ ਸ਼ਕਲ ਅਖ਼ਤਿਆਰ ਕਰ ਲੈਂਦੇ ਹਨ ਤੇ ਦੰਦਾਂ ਦੀ ਚਮਕ ਜੜ੍ਹਾਂ ਨੂੰ ਤਬਾਹ ਕਰ ਦਿੰਦੇ ਹਨ।


Sri Satguru Jagjit Singh Ji eLibrary NamdhariElibrary@gmail.com

ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਮਸੂੜਿਆਂ ਦੇ ਫੁੱਲਣ ਦੀ ਬੀਮਾਰੀ ਹੈ ਤੇ ਦੰਦਾਂ ਦੇ ਨੇੜ ਤੰਤ੍ਰ ਲਗਣ ਵਾਲੇ ਰੋਗ ਹਿੰਦ ਵਿਚ ਇਕ ਕੌਮੀ ਸਮਸਿਆ ਬਣ ਗਏ ਹਨ।

ਡਾ: ਰਾਮਾ ਲਿੰਗਾ ਸਵਾਮੀ ਨੇ ਕਿਹਾ ਕਿ ਦੇਸ਼ ਵਿਚ ਦੰਦਾਂ ਦੇ ਇਲਾਜ ਦੀਆਂ ਸੇਵਾਵਾਂ ਏਨੀਆਂ ਘੱਟ ਹਨ ਕਿ ੬੦੦੦੦ ਦੀ ਵਸੋਂ ਪਿਛੇ ਦੰਦਾਂ ਦਾ ਕੇਵਲ ਇਕ ਡਾਕਟਰ ਹੈ ਜਦ ਕਿ ਮਦਲੀਆਰ ਕਮੇਟੀ ਨੇ ਇਹ ਸਿਫਾਰਸ਼ ਕੀਤੀ ਸੀ ਕਿ ਹਰ ਚਾਰ ਹਜ਼ਾਰ ਦੀ ਵਸੋਂ ਪਿਛੇ ਦੰਦਾਂ ਦਾ ਇਕ ਡਾਕਟਰ ਹੋਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਲੋੜ ਇਸ ਗੱਲ ਦੀ ਹੈ ਕਿ ਹਰ ੩੫੦੦ ਪਿਛੇ ਦੰਦਾਂ ਦਾ ਇਕ ਡਾਕਟਰ ਹੋਵੇ।

## ਅਮਰੀਕਾ 'ਚ ਵੀ ਭੋਪਾਲ ਵਰਗੀ ਗੈਸ ਲੀਕ ਹੋਈ ਸੀ

ਨਿਊਯਾਰਕ ਦੇ ਇਕ ਛੋਟੇ ਜਿਹੇ ਕਸਬੇ ਵਿਚ ਇਕ ਮਾਸਟਰ ਅਤੇ ੩੦ ਸਕੂਲੀ ਬਚੇ ਪਿਛਲੇ ਮਹੀਨੇ ਉਸੇ ਗੈਸ ਨਾਲ ਪ੍ਰਭਾਵਤ ਹੋਏ ਜਿਸ ਨੇ ਭੋਪਾਲ ਵਿਚ ੨ ਹਜ਼ਾਰ ਤੋਂ ਵਧ ਜਾਨਾਂ ਲਈਆਂ।

ਗੈਸ ਮਿਡਲਵੈਸਟ ਦੇ ਰਸਾਇਣੀ ਪਲਾਂਟ, ਜਿਹੜਾ ਸਕੂਲ ਤੋਂ ੫੦੦ ਮੀਟਰ ਦੂਰ ਹੈ, 'ਚੋਂ ਲੀਕ ਹੋਈ ਸੀ। ਸਰਕਾਰੀ ਅਧਿਕਾਰੀਆਂ ਨੇ ਦਸਿਆ ਕਿ ੧੫ ਨਵੰਬਰ ਨੂੰ ਐਫ. ਐਮ. ਸੀ. ਕਾਰਪੋਰੇਸ਼ਨ ਦੇ ਪਲਾਂਟ ਵਿਚ ਮਿਥਾਈਲ ਆਈਸੋਸਾਈਨੇਟ ਦੇ ਲੀਕ ਹੁੰਦਿਆਂ ਹੀ ਬਚੇ ਸਕੂਲੋਂ ਕਢ ਲਏ ਸਨ।

ਸਕੂਲ ਵਿਚ ਕੁਲ ੪੩੮ ਬਚੇ ਅਤੇ ੪੦ ਮਾਸਟਰ ਹਨ।

## ਵੋਟਾਂ 'ਚ ਔਰਤਾਂ, ਮਰਦਾਂ ਬਰਾਬਰ ਪਰ ਪ੍ਰਤੀਨਿਧਤਾ ਆਟੇ 'ਚ ਲੂਣ ਦੇ ਬਰਾਬਰ

ਨਵੀਂ ਦਿਲੀ—ਭਾਰਤ 'ਚ ਔਰਤ ਵੋਟਰਾਂ ਦੀ ਗਿਣਤੀ ਭਾਵੇਂ ਮਰਦਾਂ ਦੇ ਬਰਾਬਰ ਹੈ ਪਰ ਉਮੀਦਵਾਰੀ ਵਜੋਂ ਉਹ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ ਹਨ।

ਅਠਵੀਂ ਲੋਕ ਸਭਾ ਦੀ ਚੋਣ ਲਈ ਲਗਪਗ ੨੭.੯੯ ਕਰੋੜ ਵੋਟਰ ਹਨ। ਇਹਨਾਂ ਵਿਚੋਂ ਔਰਤ ਵੋਟਰਾਂ ਦੀ ਗਿਣਤੀ ੧੮.੩੫ ਕਰੋੜ ਹੈ। ਪਰ ਔਰਤ ਉਮੀਦਵਾਰ ੧੪੫ ਹਨ ਜਦੋਂ ਕਿ ਮਰਦ ਉਮੀਦਵਾਰਾਂ ਦੀ ਗਿਣਤੀ ੫੦੯੫ ਹੈ। ਚੋਣ ੫੨੨ ਸੀਟਾਂ ਉਪਰ ਹੋ ਰਹੀ ਹੈ।

ਇਸ ਵਾਰ ਹੋ ਰਹੀਆਂ ਚੋਣਾਂ ਲਈ ਔਰਤ ਵੋਟਰਾਂ ਦੀ ਗਿਣਤੀ ਲਗਪਗ ਉਹੀ ਹੈ ਜੋ ੧੯੮੦ ਵਿਚ ਸੀ। ਉਸ ਸਮੇਂ ੧੪੨ ਔਰਤਾਂ ਚੋਣ ਮੈਦਾਨ ਵਿਚ ਨਿਤਰੀਆਂ ਸਨ। ਪਰ ਚੋਣ ਮੈਦਾਨ ਵਿਚ ਨਿਤਰੀਆਂ ਔਰਤ ਉਮੀਦਵਾਰ ਦੀ ਗਿਣਤੀ ੧੯੬੨ ਵਿਚ ਹੋਈਆਂ ਚੋਣਾਂ ਨਾਲੋਂ ਜ਼ਿਆਦਾ ਹੈ। ਉਸ ਸਮੇਂ ੬੫ ਔਰਤਾਂ ਚੋਣ ਮੈਦਾਨ ਵਿਚ ਨਿਤਰੀਆਂ ਸੀ। ਪਰ ਦਿਲਚਸਪੀ ਵਾਲੀ ਗਲ ਇਹ ਹੈ ਕਿ ੧੯੬੨ ਤੋਂ ਅਜ ਤਕ ਔਰਤ ਉਮੀਦਵਾਰਾਂ ਦੀ ਗਿਣਤੀ ਤਾਂ ਵਧਦੀ ਰਹੀ ਹੈ ਪਰ ਲੋਕ ਸਭਾ ਵਿਚ ਉਹਨਾਂ ਦੀ ਪ੍ਰਤੀਨਿਧਤਾ ੧੯੮੦ ਵਿਚ ੩੩ ਤੋਂ ਘਟ ਕੇ ੨੮ ਹੋ ਗਈ।

ਇਸ ਵਾਰ ਇੰਕਾ ਵਲੋਂ ੩੯, ਭਾਜਪਾ ਵਲੋਂ ੯, ਦਮਕਿਪਾ ਵਲੋਂ ੫, ਹਿੰਦ ਕਮਿਊਨਿਸਟ ਪਾਰਟੀ ਵਲੋਂ ੨ ਅਤੇ ਜਨਤਾ ਪਾਰਟੀ ਵਲੋਂ ੨ ਔਰਤ ਉਮੀਦਵਾਰ ਖੜੇ ਕੀਤੇ ਗਏ ਹਨ। ਸਭ ਤੋਂ ਵਧ ਔਰਤ ਉਮੀਦਵਾਰ ਯੂ. ਪੀ. ਵਿਚੋਂ ਚੋਣ ਲੜ ਰਹੇ ਹਨ ਜਿਹਨਾਂ ਦੀ ਗਿਣਤੀ ੪੦ ਹੈ।

## ਤੂਫਾਨ ਵਿਚ ਸੱਠ ਸਾਲ ਪੁਰਾਣਾ ਪੁਲ ਖੜਾ ਰਿਹਾ—ਨਵਾਂ ਪੁਲ ਰੁੜ੍ਹ ਗਿਆ

ਨਵੀਂ ਦਿੱਲੀ ਮਦਰਾਸ—ਵਿਜੈਵਾੜਾ ਦੂਹਰੀ ਰੇਲ ਪਟੜੀ ਦਾ ਇਕ ਪੁਲ ਆਏ ਸਮੁੰਦਰੀ ਤੂਫਾਨ ਵਿਚ ਰੁੜ੍ਹ ਗਿਆ ਜਦਕਿ ਦੂਸਰਾ ਪੁਲ ਜਿਹੜਾ ਨਵੇਂ ਬਣੇ ਪੁਲ ਤੋਂ ੬੦ ਸਾਲ ਪਹਿਲਾਂ ਦਾ ਬਣਿਆ ਹੋਇਆ ਹੈ, ਜਿਉਂ ਦਾ ਤਿਉਂ ਕਾਇਮ ਰਿਹਾ।

ਤੂਫਾਨ ਵਿਚ ਘਿਰੇ ਹੋਏ ਲੋਕਾਂ ਲਈ ਖੁਰਾਕ ਦੇ ਪੈਕਟ ਲਿਜਾ ਰਹੀ ਮਾਲ ਗੱਡੀ ਦਾ ਇੰਜਨ ਪੁਲ ਉਤੋਂ ਲੰਘ ਰਿਹਾ ਸੀ ਜਦੋਂ ਪੁਲ ਢਹਿ ਗਿਆ ਤੇ ਇੰਜਨ ਠੂਕਵੇਂ ਪਾਣੀਆਂ ਵਿਚ ਜਾ ਡਿੱਗਾ। ਮਾਲ ਗੱਡੀ ਦਾ ਇਕ ਡੱਬਾ ਟੁੱਟੇ ਪੁਲ ਦੇ ਉਤੇ ਹੀ ਲਟਕਿਆ ਰਹਿਆ ਸੀ। ਇਸ ਤੋਂ ਇਲਾਵਾ ਤੂਫਾਨੀ ਪਾਣੀਆਂ ਵਿਚ ਰੁੜ੍ਹ ਕੇ ਆਈਆਂ ੨੫ ਲਾਰੀਆਂ, ਕੁਝ ਕਾਰਾਂ ਤੇ ਇਕ ਡੀਲਕਸ ਬੱਸ ਇੰਝ ਖਿਲਰੀਆਂ ਪਈਆਂ ਸਨ, ਜਿਵੇਂ ਕਿਸੇ ਨੇ ਮਾਚਸਾਂ ਖਿੰਡਾਕੇ ਸੁੱਟੀਆਂ ਹੋਣ।

ਦੱਖਣੀ ਰੇਲਵੇ ਦੇ ਚੀਫ ਇੰਜੀਨੀਅਰ ਮਿ: ਐਸ. ਅਨੰਤ ਨਾਰਾਇਣਨ ਨੇ ਕਿਹਾ ਕਿ ਰੇਲਵੇ ਪੁਲ ਦੇ ਟੁੱਟਣ ਦਾ ਕਾਰਨ ਇਹ ਸੀ ਕਿ ਇਹ ਲੰਘਣ ਵਾਲੀਆਂ ਗੱਡੀਆਂ ਦਾ ਭਾਰ ਨਾ ਸਹਿ ਸਕਿਆ, ਪਰ ਜਦੋਂ ਉਹਨਾਂ ਤੋਂ ਪੁਛਿਆ ਗਿਆ ਕਿ ਨਾਲ ਲਗਦਾ ਸੱਠ ਸਾਲ ਪੁਰਾਣਾ ਪੁਲ ਕਿਉਂ ਨਾ ਟੁੱਟਾ, ਤਾਂ ਉਹ ਕੋਈ ਜਵਾਬ ਨਾ ਦੇ ਸਕੇ। ●



Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 43260



(SINGLE BARREL OR DOUBLE BARREL) 12 Bore Guns

## Once Purchased Ever Purchased

AS
BEST QUALITY OF THE DAY
IS
OUR MOTTO
IN NEED CONTACT US FOR BARGAIN
WITH FULL CONFIDENCE



Sri Satguru Jagjit Singh Ji eLibrary NamdhariElibrary@gmail.com

ਦ ਲੋਕ ਕਥਾਵਾਂ

# ਸ਼ਰਾਬ ਦਾ ਕਮਾਲ

ਇਕ ਪਿੰਡ ਵਿਚ ਇਕ ਠਾਕੁਰ ਵੈਦ ਦੇ ਰੂਪ ਵਿਚ ਪ੍ਰਸਿਧ ਹੋ ਗਿਆ ਉਸ ਕੋਲ ਸਭ ਪ੍ਰਕਾਰ ਦੇ ਰੋਗਾਂ ਲਈ ਦੋ ਹੀ ਸਾਧਨ ਸਨ। ਰੋਗੀ ਨੂੰ ਸ਼ਰਾਬ ਪਿਆ ਦੇਣਾ, ਜਾਂ ਉਸਦੇ ਸਰੀਰ ਤੇ ਲੋਹੇ ਨੂੰ ਗਰਮ ਕਰਕੇ ਲਗਾਣਾ।

ਜਿਸ ਵਿਅਕਤੀ ਨੇ ਕਦੇ ਸ਼ਰਾਬ ਨਾ ਪੀਤੀ ਹੋਵੇ, ਜੇਕਰ ਉਹ ਪਹਿਲੀ ਵਾਰ ਸ਼ਰਾਬ ਪੀ ਲਵੇ ਤਾਂ ਉਹ ਨਸ਼ੇ ਵਿਚ ਆਪਣਾ ਰੋਗ ਭੁਲ ਜਾਂਦਾ ਹੈ। ਦੂਜੇ ਨੁਸਖੇ ਅਨੁਸਾਰ ਗਰਮ ਲੋਹੇ ਨੂੰ ਕਿਸੇ ਸਰੀਰ ਤੇ ਲਗਾਣ ਨਾਲ ਉਹ ਆਪਣੇ ਪਹਿਲੇ ਰੋਗ ਨੂੰ ਭੁਲ ਜਾਂਦਾ ਹੈ।

ਇਕ ਦਿਨ ਇਕ ਬੁਢੀ ਆਪਣੇ ਪੋਤੇ ਨੂੰ ਲੈ ਕੇ ਠਾਕੁਰ ਦੇ ਪਾਸ ਆਈ। ਉਸ ਦੇ ਪੋਤੇ ਨੂੰ ਖੰਘ ਹੋ ਰਹੀ ਸੀ। ਠਾਕੁਰ ਨੇ ਦਵਾ ਦੇ ਰੂਪ ਵਿਚ ਉਸ ਨੂੰ ਸ਼ਰਾਬ ਪਿਲਾ ਦਿਤੀ। ਬੁਢੀ ਨੇ ਠਾਕਰ ਤੋਂ ਪੁਛਿਆ, ਕੀ ਇਸ ਨਾਲ ਮੇਰੇ ਪੋਤੇ ਦੀ ਖੰਘ ਠੀਕ ਹੋ ਜਾਵੇਗੀ?

ਉਸ ਨੇ ਹਸਦਿਆਂ ਕਿਹਾ, ਬੁਢੀ ਤੂੰ ਪਾਗਲ ਹੈਂ, ਅਰੀ ਸ਼ਰਾਬ ਪੀਣ ਨਾਲ ਵਡੇ ਵਡੇ ਰਾਜ ਨਸ਼ਟ ਹੋ ਜਾਂਦੇ ਹਨ ਤਾਂ ਇਹ ਮਾਮੂਲੀ ਖੰਘ ਦੀ ਕੀ ਤਾਕਤ ਹੈ।

# ਚਰਵਾਹੇ ਦੀ ਸਮਝਦਾਰੀ

ਰਾਜਾ ਭੋਜ ਆਪਣੀ ਸਭਾ ਵਿਚ ਸਭ ਵਿਦਵਾਨਾਂ ਦਾ ਸਤਿਕਾਰ ਕਰਿਆ ਕਰਦੇ ਸਨ। ਭੋਜ ਦੀ ਸਭਾ ਵਿਚ ਸਭ ਰਹਿਣ ਲਈ ਤੱਤਪਰ ਰਹਿੰਦੇ, ਪਰ ਭੋਜ ਵੀ ਸਮੇਂ ਸਮੇਂ ਉਹਨਾਂ ਦੀ ਵਿਦਵਤਾ ਦੀ ਪ੍ਰੀਖਿਆ ਕਰਦੇ ਰਹਿੰਦੇ ਸਨ।

ਇਸੇ ਤਰ੍ਹਾਂ ਇਕ ਵਾਰ ਆਪਣੀ ਸਭਾ ਵਿਚ ਵਿਦਵਾਨਾਂ ਦੀ ਪ੍ਰੀਖਿਆ ਲੈਣ ਲਈ ਉਹ ਆਪਣੇ ਪਾਲਤੂ ਤੋਤੇ ਨੂੰ ਸਭਾ ਵਿਚ ਲੈ ਆਏ। ਉਸ ਤੋਤੇ ਨੂੰ ਉਸ ਰਟਾ ਰਖਿਆ ਸੀ—ਇਕ ਵਸਤੂ ਅਛੀ ਨਹੀਂ। ਇਸ ਲਈ ਰਾਜ ਸਭਾ ਵਿਚ ਆਕੇ ਇਹੋ ਗਲ ਮੁੜ ਮੁੜ ਆਖਣ ਲਗਿਆ।

ਰਾਜਾ ਨੇ ਵਿਦਵਾਨਾਂ ਕੋਲੋਂ ਅਸਚਰਜ ਗਲ ਬਾਰੇ ਪੁਛਿਆ। ਵਿਦਵਾਨਾਂ ਨੇ ਬਹੁਤ ਅਕਲ ਲੜਾਈ ਪਰ ਤਾਂ ਵੀ ਸਫਲ ਨਹੀਂ ਹੋਏ ਤਾਂ ਉੱਤਰ ਲਈ ਕੁਝ ਦਿਨਾਂ ਲਈ ਮੋਹਲਤ ਮੰਗੀ।

ਰਾਜਾ ਦਾ ਪ੍ਰਮੁਖ ਵਿਦਵਾਨ ਇਸ ਸਮੱਸਿਆ ਦਾ ਹਲ ਲਭਣ ਲਈ ਦੇਸ਼-ਦੇਸਾਂਤਰ ਘੁੰਮ ਆਇਆ ਪਰ ਕੋਈ ਸੰਤੁਸ਼ਟ-ਜਨਕ ਉੱਤਰ ਨਹੀਂ ਪਾ ਸਕਿਆ। ਆਖਰ ਹਾਰ ਕੇ ਉਹ ਧਾਰਾ ਨਗਰੀ ਨੂੰ ਮੁੜ ਰਿਹਾ ਸੀ ਕਿ ਉਸਦੀ ਮੁਲਾਕਾਤ ਇਕ ਚਰਵਾਹੇ ਨਾਲ ਹੋਈ। ਚਰਵਾਹੇ ਨੇ ਉਸ ਨੂੰ ਚਿੰਤਾ ਵਿਚ ਵੇਖ ਕੇ ਪੁਛਿਆ ਤਾਂ ਉਸ ਨੇ ਆਪਣੀ ਗਲ ਦਸੀ।

ਚਰਵਾਹੇ ਨੇ ਕਿਹਾ, ਮੈਂ ਤੇ ਸਵਾਲ ਦਾ ਉੱਤਰ ਮੈਂ ਉਹਨਾਂ ਨੂੰ ਜਾ ਕੇ ਦੇ ਸਕਦਾ ਹਾਂ, ਪਰ ਔਖ ਇਹ ਹੈ ਕਿ ਜ਼ਾਹਿਰ ਦੇਣ ਕਾਰਨ ਆਪਣੇ ਕੁੱਤੇ ਨੂੰ ਉਥਾ ਕੇ ਨਾਲ ਨਹੀਂ ਲੈ ਜਾ ਸਕਦਾ ਪਰ ਮੈਂ ਉਸ ਨੂੰ ਛਡਣਾ ਵੀ ਠੀਕ ਨਹੀਂ ਸਮਝਦਾ।

ਤਾਂ ਕੀ ਹੋਇਆ, ਮੈਂ ਇਸ ਨੂੰ ਮੋਢੇ ਤੇ ਚੁੱਕ ਕੇ ਲੈ ਚਲਦਾ ਹਾਂ। ਵਿਦਵਾਨ ਨੇ ਕਿਹਾ।

ਉਦੋਂ ਵਿਦਵਾਨ ਨੇ ਕੁਤੇ ਨੂੰ ਕੰਧੇ ਤੇ ਉਠਾ ਲਿਆ ਅਤੇ ਦੋਵੇਂ ਭੋਜ ਦੀ ਰਾਜ ਸਭਾ 'ਚ ਜਾ ਪੁਜੇ। ਹੁਣ ਵਿਦਵਾਨਾਂ ਨੇ ਰਾਜਾਂ ਤੋਂ ਉਹੋ ਪ੍ਰਸ਼ਨ ਦੁਹਰਾਣ ਲਈ ਕਿਹਾ, ਉਸ ਦੇ ਇਸ ਪ੍ਰਸ਼ਨ ਨਾਲ ਚਰਵਾਹਾ ਬੋਲ ਪਿਆ, ਮਹਾਰਾਜ ਇਸ ਬ੍ਰਹਮੰਡ ਵਿਚੋਂ ਇਕੋ ਲੋਭ ਹੈ ਜੋ ਅਜੇਹੀ ਵਸਤੂ ਹੈ ਜੋ ਚੰਗੀ ਨਹੀਂ ਠੀਕ ਪਰਮਾਣ ਤੁਹਾਡੇ ਸਾਹਮਣੇ ਹਨ ਸ਼ਾਸਤਰਾਂ ਦਾ ਕਹਿਣਾ ਹੈ ਕਿ ਕੁਤੇ ਦੀ ਛੋਹ ਹੋ ਜਾਣ ਨਾਲ ਹੀ ਬ੍ਰਾਹਮਣ ਨੂੰ ਅਸ਼ਨਾਨ ਕਰ ਲੈਣਾ ਚਾਹੀਦਾ ਹੈ ਪਰ ਇਹ ਵਿਦਵਾਨ ਲੋਭ ਵਸ ਕੁਤੇ ਨੂੰ ਕੰਧੇ ਤੇ ਲੈ ਆਇਆ ਹੈ। ਹੁਣ ਆਪ ਹੀ ਦਸੋ, ਕੀ ਇਹ ਸਚ ਨਹੀ ਕਿ ਸੰਸਾਰ ਵਿਚ ਲੋਭ ਹੀ ਇਕ ਵਸਤੂ ਹੈ ਜੋ ਅਛੀ ਨਹੀਂ।

ਰਾਜਾ ਭੋਜ ਨੂੰ ਉਸ ਦੀ ਬਾਤ ਸਵੀਕਾਰ ਕਰਨੀ ਪਈ।

ਪ: ਕਥਨ:
ਰਾਜਿੰਦਰ ਸਿੰਘ ਸੋਢੀ

---

**ਵਰਿਆਮ ਦੇ ਪਾਠਕਾਂ ਨੂੰ ਬੇਨਤੀ ਹੈ ਕਿ ਅਪਣੇ ਬਕਾਇਆ ਚੰਦੇ ਛੇਤੀ ਭੇਜਣ**



Sri Satguru Jagjit Singh Ji eLibrary NamdhariElibrary@gmail.com

੧ਓ

ਫੋਨ : 2737

## ਖੁਸ਼ਖਬਰੀ



ਬੋਰਿੰਗ ਮਸ਼ੀਨ

ਕਾਰਾਂ, ਟਰੈਕਟਰਾਂ ਤੇ ਟਰੱਕਾਂ ਦੇ ਇੰਜਨਾਂ ਦੀ ਵਧੀਆ ਬਲਾਕ ਬੋਰਿੰਗ, ਕਰੈਂਕ ਗ੍ਰਾਂਈਡਿੰਗ ਤੇ ਹੈਡ ਸੀਟ ਫਿਟਿੰਗ ਦਾ ਕੰਮ ਤਸੱਲੀ ਬਖਸ਼ ਹੁੰਦਾ ਹੈ।



ਗ੍ਰਾਂਈਡਿੰਗ ਮਸ਼ੀਨ

ਇਸ ਤੋਂ ਇਲਾਵਾ ਬੁਲਡੋਜ਼ਰਾਂ, ਕੋਲਡ ਸਟੋਰਾਂ ਦੇ ਕੰਪਰੈਸ਼ਰਾਂ, ਜੈਨਰੇਟਰਾਂ ਅਤੇ ਵਡੇ ਵਡੇ ਹਰ ਪ੍ਰਕਾਰ ਦੇ ਇੰਜਨਾਂ ਦਾ ਕੰਮ ਬਿਲਕੁਲ ਠੀਕ ਠੀਕ ਤੇ ਵਧੀਆ ਕੀਤਾ ਜਾਂਦਾ ਹੈ।

★ ਬੋਰਿੰਗ, ਗ੍ਰਾਂਈਡਿੰਗ ਆਦਿ ਦਾ ਸਾਰਾ ਕੰਮ ਵਿਦੇਸ਼ਾਂ ਤੋਂ ਮੰਗਵਾਈਆਂ ਸਪੈਸ਼ਲ ਮਸ਼ੀਨਾਂ ਉਤੇ ਕੀਤਾ ਜਾਂਦਾ ਹੈ।

★ ਮਰਸਡੀਜ਼ ਟਰੱਕ ਲੈ ਕੇ ਆਓ ਅਤੇ ਕੇਵਲ ਚਾਰ ਦਿਨਾਂ ਵਿਚ ਓਵਰਹਾਲ ਕਰਾ ਕੇ ਵਾਪਸ ਲੈ ਜਾਓ।

★ ਕੁਸ਼ਲ ਮਕੈਨਿਕ ਅਤੇ ਹੋਰ ਪਰਬੰਧ ਮੁਕਮਲ ਹੈ।

★ ਸਾਡੇ ਪਾਸ ਆਪਣਾ ਜੇਨਰੇਟਰ ਸੈਟ ਵੀ ਹੈ। ਇਸ ਨਾਲ ਬਿਜਲੀ ਬੰਦ ਹੋਣ ਤੇ ਵੀ ਕੰਮ ਚਲਦਾ ਰਹਿੰਦਾ ਹੈ ਤੇ ਕੋਈ ਵਿਲ ਨਹੀਂ ਆਉਂਦੀ।

## ਨੈਸ਼ਨਲ ਆਟੋ ਇੰਜੀਨੀਅਰਿੰਗ ਵਰਕਸ

ਪ੍ਰੋ: ਲਛਮਣ ਸਿੰਘ ਨਾਮਧਾਰੀ

10, ਇੰਡਸਟ੍ਰੀਅਲ ਏਰੀਆ, ਫਗਵਾੜਾ।



Sri Satguru Jagjit Singh Ji eLibrary NamdhariElibrary@gmail.com

# ਸਰਗਰਮੀਆਂ

## ਜਤਿੰਦਰ ਜੌਲੀ ਸਵਾਗਤੀ ਸਮਾਰੋਹ

ਬੀਤੇ ਦਿਨੀਂ ਲੋਕ ਲਿਖਾਰੀ ਸਭਾ (ਰਜਿ:) ਅੰਮ੍ਰਿਤਸਰ ਵਲੋਂ ਨੌਜੁਆਨ ਲੇਖਕ ਜਤਿੰਦਰ ਜੌਲੀ ਦੀ "ਯੂਥ ਸੈਮੀਨਾਰ ਆਨ ਵਰਲਡ ਰੀਲੀਜਨਜ਼-੧੯੮੪" ਸੰਗ ਕੀਤੀ ਦੇਸ਼-ਵਿਦੇਸ਼ ਦੀ ਯਾਤਰਾ ਉਪਰੰਤ ਸਵਾਗਤੀ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਡਾ: ਕਰਨੈਲ ਸਿੰਘ ਥਿੰਦ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੇ ਕੀਤੀ।

ਸਮਾਰੋਹ ਦਾ ਆਗਾਜ਼ ਸ੍ਰੀ ਗੁਰਬਖਸ਼ ਸਿੰਘ ਵਲੋਂ ਬਾਂਸੁਰੀ 'ਤੇ ਮਧੁਰ ਗੀਤ ਸੰਗ ਹੋਇਆ। ਪ੍ਰਸਿੱਧ ਵੀਣਾ-ਵਾਦਕ ਸ: ਨਰਿੰਦਰ ਸਿੰਘ ਵਿਰਦੀ ਨੇ "ਇੰਟਰਨੈਸ਼ਨਲ ਰੀਲੀਜੀਅਸ ਫਾਊਂਡੇਸ਼ਨ" ਅਤੇ ਇਸ ਸੰਸਥਾ ਨਾਲ ਸਬੰਧਤ ਹੋਰ ਕਈ ਸ਼ਾਖਾਵਾਂ ਬਾਰੇ ਜਾਣਕਾਰੀ ਦਿੱਤੀ; ਜਿਨ੍ਹਾਂ ਵਿਚੋਂ "ਯੂਥ ਸੈਮੀਨਾਰ" ਵੀ ਇਕ ਸੀ। ਉਹਨਾਂ ਇਹ ਵੀ ਦੱਸਿਆ ਕਿ ਤੀਸਰੀ ਵਾਰ ਹੋਏ ਇਸ ਸੈਮੀਨਾਰ ਵਿਚ ਦੁਨੀਆਂ ਭਰ ਦੇ ੩੫ ਮੁਲਕਾਂ ਤੋਂ ਆਏ ੧੪੨ ਵਿਦਿਆਰਥੀਆਂ ਪ੍ਰੋਫੈਸਰਾਂ ਵਿਚ ਸਿੱਖ ਧਰਮ ਦੇ ਪ੍ਰਤੀਨਿਧ ਵਜੋਂ ਭਾਗ ਲੈਣ ਵਾਲਾ ਜਤਿੰਦਰ ਜੌਲੀ, ਇਕੋ-ਇਕ ਪੰਜਾਬੀ ਸੀ। ਇਸ ਸੈਮੀਨਾਰ ਦਾ ਮੂਲ ਮੰਤਵ, ਧਾਰਮਿਕ ਗੱਲਬਾਤ ਅਤੇ ਸਦਭਾਵਨਾ ਰਾਹੀਂ ਸੰਸਾਰ ਵਿਚ ਸ਼ਾਂਤੀ ਸਥਾਪਿਤ ਕਰਨ ਦਾ ਯਤਨ ਕਰਨਾ ਹੈ। ਆਪਣੀ ਲਗਭਗ ਦੋ ਮਹੀਨਿਆਂ ਦੀ ਯਾਤਰਾ ਦੌਰਾਨ ਅਮਰੀਕਾ, ਇਜ਼ਰਾਇਲ, ਤੁਰਕੀ, ਇਟਲੀ, [illegible] ਭਾਰਤ, ਸਿੰਘਾਪੁਰ, ਥਾਈਲੈਂਡ, ਹਾਂਗਕਾਂਗ, ਚੀਨ, ਜਪਾਨ ਤੇ ਆਪਣੀ ਯਾਤਰਾ ਵਿਚਲੇ ਧਾਰਮਿਕ ਅਤੇ ਇਤਿਹਾਸਕ ਥਾਵਾਂ ਦਾ ਹਾਲ ਉਨ੍ਹਾਂ ਨੇ ਬੜੇ ਰੌਚਕ ਢੰਗ ਨਾਲ ਪ੍ਰਸਤੁਤ ਕੀਤਾ। ਜਿਸ ਵਿਚ "ਵਾਸ਼ਿੰਗਟਨ" ਵਿਚਲੇ ਵਾਈਟ ਹਾਊਸ, ਲਾਇਬਰੇਰੀ ਆਫ ਕਾਂਗਰਸ, ਨੈਸ਼ਨਲ ਆਰਟ ਗੈਲਰੀ, 'ਜਿਰੂਸਲਮ' ਵਿਚਲਾ ਮੁਸਲਿਮਾਂ ਦਾ ਗੋਲਡਨ ਡੋਮ, ਯਹੂਦੀਆਂ ਦੀ ਵੇਲਿੰਗ ਵਾਲ, ਹਜ਼ਰਤ ਈਸਾ ਦਾ ਜਨਮ ਅਸਥਾਨ, 'ਇਸਤਾਂਬੂਲ' ਦੀ ਬਲਿਯੂ ਮਸਜਦ, ਰੋਮ ਦਾ ਸੇਂਟ ਪੀਟਰ ਸੁਕੇਅਰ, ਵੈਟੀਕਨ, 'ਮਦਰਾਸ' ਦਾ ਗੋਲਡਨ ਬੀਚ, ਅਰਬਿੰਦ ਆਸ਼ਰਮ ਤੇ ਮਹਾਬਲੀ ਪੁਰਮ, 'ਬੈਂਕਾਕ' ਦੇ ਬੋਧੀ ਮੰਦਰ ਅਤੇ ਚਾਈਨੀਜ਼ ਮੋਨੇਸਟਰੀ, 'ਚੀਨ' ਦੀ ਗ੍ਰੇਟ ਵਾਲ, 'ਸਿਓਲ' ਟਾਵਰ ਤੋਂ ਇਲਾਵਾ ੧੯੮੮ ਵਿਚ ਹੋਣ ਵਾਲੀਆਂ ਉਲੰਪਿਕਸ ਖੇਡਾਂ ਦੇ ਸਟੇਡੀਅਮ, ਬੋਧੀ ਮੰਦਰ ਯੂਨੀਫਿਕੇਸ਼ਨ ਚਰਚ ਅਤੇ ਸਿਨੇਗਾਗ ਆਦਿ ਦਾ ਵਰਣਨ ਸ਼ਾਮਿਲ ਸੀ। ਜਿਸ ਨੂੰ ਸਰੋਤਿਆਂ ਨੇ ਬੜੀ ਦਿਲਚਸਪੀ ਤੇ ਰਸ ਨਾਲ ਮਾਣਿਆ। ਅੰਤ ਵਿਚ ਸ੍ਰੀ ਅਮਰ ਚਿਤਰਕਾਰ, ਸ਼ਹਰਯਾਰ, ਰਜਿੰਦਰ ਸਿੰਘ ਪ੍ਰੇਮ, ਹਰਬੰਸ ਸਿੰਘ ਹੰਸ, ਪ੍ਰੋ: ਪ੍ਰੀਤਮ ਸਿੰਘ ਪਰਵਾਨਾ, ਬਹਾਦਰ ਸਿੰਘ, ਡਾ: ਜੋਗਿੰਦਰ ਸਿੰਘ ਵਿਦਿਆਰਥੀ, ਹਰਿੰਦਰ ਸਿੰਘ, ਰਾਵੀ ਪੰਜਲ, ਮਨਮੋਹਨ ਸਿੰਘ, ਮੁਕਲਦ ਖੁਟਰਵੀ, ਹਰਬੰਸ ਲਾਲ ਜੁਗਾਨ, ਤਰਜੀਤ ਸਿੰਘ, ਨਰਿੰਦਰ ਜੱਟੂ ਆਦਿ ਮਿੱਤਰਾਂ ਨੇ ਕੁਝ ਹੋਰ ਜਾਣਕਾਰੀ ਖਾਤਰ ਸੁਆਲ ਵੀ ਪੁੱਛੇ, ਜਿੰਨ੍ਹਾਂ ਦੇ ਜਤਿੰਦਰ ਜੌਲੀ ਵਲੋਂ ਜੁਆਬ ਦੇਣ ਉਪਰੰਤ ਡਾ: ਕਰਨੈਲ ਸਿੰਘ ਥਿੰਦ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ "ਇਕੱਲੇ ਸਾਡੇ ਸਾਰਿਆਂ ਵਿਚੋਂ, ਦੋ ਚਹੁੰ ਨੂੰ ਛੱਡਕੇ, ਜਤਿੰਦਰ ਜੌਲੀ ਸਭ ਨਾਲੋਂ ਉਮਰ ਦਾ ਨੌਜੁਆਨ ਹੈ। ਸਾਡੇ ਅਜੀਜ਼ ਨੇ ਏਨੀ ਛੋਟੀ ਅਵਸਥਾ ਵਿਚ ਸਾਡੇ ਸਭ ਨਾਲੋਂ ਵਧੇਰੇ ਮੁਲਕਾਂ ਦੀ ਯਾਤਰਾ ਕਰਕੇ ਬੜੇ ਵਿਲੱਖਣ ਤਜਰਬੇ ਹਾਸਲ ਕੀਤੇ ਹਨ। ਇਸ ਦੀ ਯਾਦਾਸ਼ਤ ਵੀ ਕਮਾਲ ਦੀ ਹੈ। ਉਸ ਨੇ ਸਾਰੀ ਯਾਤਰਾ ਦੇ ਤਰਤੀਬਵਾਰ ਵਿਸ਼ਲੇਸ਼ਣ ਤੋਂ ਇਲਾਵਾ ਆਪਣੇ ਸਾਥੀਆਂ ਅਤੇ ਪ੍ਰੋਫੈਸਰਾਂ ਦੇ ਹਵਾਲੇ ਵੀ ਨਾਵਾਂ ਥਾਵਾਂ ਸਮੇਤ ਦਿੱਤੇ ਹਨ। ਅੱਜ ਮੈਂ ਇਸ ਤੋਂ ਬਹੁਤ ਕੁਝ ਨਵਾਂ ਸਿੱਖਿਆ ਹੈ। ਹਰਬੰਸ ਸਿੰਘ ਹੰਸ ਨੇ ਆਪਣੀ ਨਵੀਂ ਪੁਸਤਕ 'ਅਨੁਭੂਤੀਆਂ' ਪ੍ਰਧਾਨਗੀ ਮੰਡਲ ਨੂੰ ਪੇਸ਼ ਕੀਤੀ। ਡਾ: ਥਿੰਦ ਨੇ ਲੋਕ ਲਿਖਾਰੀ ਸਭਾ ਵਲੋਂ ਪੁਸਤਕਾਂ ਦਾ ਇਕ ਸੈਟ ਜਤਿੰਦਰ ਜੌਲੀ ਨੂੰ ਭੇਟ ਕੀਤਾ...ਮਨਮੋਹਨ ਸਿੰਘ।



Sri Satguru Jagjit Singh Ji eLibrary NamdhariElibrary@gmail.com

## ਜਨਰਲ ਅਰੋੜਾ ਵਲੋਂ ਨੈਸ਼ਨਲ ਸਿੱਖ ਫੋਰਮ ਗਠਤ

ਨਵੀਂ ਦਿਲੀ—ਨੈਸ਼ਨਲ ਸਿਖ ਫੋਰਮ ਨਾਂਅ ਦੀ ਇਕ ਨਵੀਂ ਜਥੇਬੰਦੀ ਕਾਇਮ ਕੀਤੀ ਗਈ ਹੈ। ਜਿਸ ਦਾ ਮੰਤਵ ਖਾਸ ਤੌਰ ਤੇ ਪੰਜਾਬ ਤੋਂ ਬਾਹਰ ਰਹਿੰਦੇ ਸਿਖਾਂ ਵਿਚ ਵਿਸ਼ਵਾਸ ਬਹਾਲ ਕਰਨ, ਉਹਨਾਂ ਵਿਚ ਵਧ ਰਹੀ ਓਪਰੇਪਣ ਦੀ ਭਾਵਨਾ ਨੂੰ ਰੋਕਣਾ ਹੋਵੇਗਾ। ਇਸ ਜਥੇਬੰਦੀ ਦੇ ਕਨ-ਵੀਨਰ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਹੋਣਗੇ। ਅੱਜ ਏਥੇ ਪ੍ਰੈਸ ਕਾਨਫਰੰਸ 'ਚ ਨਵੀਂ ਜਥੇਬੰਦੀ ਦੀ ਸਥਾਪਨਾ ਦਾ ਐਲਾਨ ਕਰਦਿਆਂ ਜਨਰਲ ਅਰੋੜਾ ਨੇ ਕਿਹਾ ਕਿ ਫੋਰਮ ਦਾ ਰਾਜਨੀਤੀ ਜਾਂ ਧਰਮ ਨਾਲ ਕੋਈ ਸਬੰਧ ਨਹੀਂ ਹੋਵੇਗਾ ਤੇ ਇਹ ਕੇਵਲ ਸਿੱਖ ਭਾਈਚਾਰੇ ਦੇ ਸਮਾਜੀ ਆਰਥਕ ਮਸਲਿਆਂ ਨੂੰ ਹੱਲ ਕਰਨ ਵਲ ਧਿਆਨ ਦੇਵੇਗੀ।

ਫੋਰਮ ਦੇ ਉਦੇਸ਼ਾਂ ਉਤੇ ਰੋਸ਼ਨੀ ਪਾਉਂਦਿਆਂ ਜਨਰਲ ਅਰੋੜਾ ਨੇ ਕਿਹਾ ਕਿ ਨਵੀਂ ਜਥੇਬੰਦੀ ਸਿੱਖਾਂ ਲਈ ਇੱਜਤ ਤੇ ਵਕਾਰ ਦੀ ਥਾਂ ਦੁਆਉਣ ਤੇ ਉਹਨਾਂ ਨੂੰ ਕੌਮੀ ਮੁਖ ਧਾਰੇ ਵਿਚ ਲਿਆਉਣ ਲਈ ਹਿੰਦੂ-ਸਿਖ ਸਬੰਧਾਂ ਨੂੰ ਸੁਧਾਰਨ ਲਈ ਸਾਰੇ ਕਦਮ ਚੁਕੇਗੀ। ਸਰਕਾਰ ਉਤੇ ਦੰਗਿਆਂ ਦਾ ਸ਼ਿਕਾਰ ਹੋਣ ਵਾਲਿਆਂ ਲਈ ਕੁਝ ਨਾ ਕਰਨ ਦਾ ਦੋਸ਼ ਲਾਉਂਦਿਆਂ ਜਨਰਲ ਅਰੋੜਾ ਨੇ ਅਫਸੋਸ ਪਰਗਟ ਕੀਤਾ ਕਿ ਦੇਸ਼ ਦੀ ਆਜ਼ਾਦੀ ਲਈ ਅਤੇ ਪ੍ਰਦੇਸ਼ਕ ਅਖੰਡਤਾ ਦੀ ਰਾਖੀ ਲਈ ਜ਼ਬਰਦਸਤ ਕੁਰਬਾਨੀਆਂ ਕਰਨ ਵਾਲੇ ਸਿਖਾਂ ਨੂੰ ਕੇਵਲ ਕੁਝ ਕਾਲੀਆਂ ਭੇਡਾਂ ਬਦਲੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ।

ਉਹਨਾਂ ਕਿਹਾ ਕਿ ਉਹ ਕੁਝ ਸਿਖ ਆਗੂਆਂ ਵਲੋਂ ਪ੍ਰਗਟਾਏ ਜਾ ਰਹੇ ਇਹਨਾਂ ਖਿਆਲਾਂ ਨਾਲ ਸਹਿਮਤ ਨਹੀਂ ਪੰਜਾਬ ਤੋਂ ਬਾਹਰ ਰਹਿੰਦੇ ਸਿਖਾਂ ਦਾ ਕੋਈ ਭਵਿਖ ਨਹੀਂ, ਤਾਂ ਵੀ ਉਹਨਾਂ ਕਿਹਾ ਕਿ ਡਰ ਦੀ ਭਾਵਨਾ ਦਾ ਸ਼ਿਕਾਰ ਹਨ ਕਿਉਂਕਿ ਸਰਕਾਰ ਨੇ ਉਹਨਾਂ ਦੇ ਸ਼ੰਕਿਆਂ ਨੂੰ ਦੂਰ ਕਰਨ ਲਈ ਕੋਈ ਕਦਮ ਨਹੀਂ ਚੁਕਿਆ। ਉਹਨਾਂ ਕਿਹਾ ਕਿ ਜਿਨ੍ਹਾਂ ਪਾਕਿਸਤਾਨ ਵੇਲੇ ਕਤਲੇਆਮ ਵੇਖਿਆ ਹੈ, ਉਹ ਸ਼ਰਨਾਰਥੀ ਬਣਕੇ ਪੰਜਾਬ ਜਾਣਾ ਪਸੰਦ ਨਹੀਂ ਕਰਨਗੇ।

ਉਹਨਾਂ ਕਿਹਾ ਕਿ ਆਮ ਭਾਵੇਂ ਜੋ ਚਾਹੇ ਕਹਿਣ, ਹਿੰਦੂ ਤੇ ਸਿਖ ਵਿਚਾਲੇ ਬਹੁਤ ਗਲਾਂ ਸਾਂਝੀਆਂ ਹਨ ਤੇ ਉਹਨਾਂ ਦੀ ਵਿਸ਼ਾਲ ਬਹੁਤ ਅਮਨ ਤੇ ਸਦਭਾਵਨਾ ਨਾਲ ਰਹਿਣਾ ਚਾਹੁੰਦੀ ਹੈ। ਉਨ੍ਹਾਂ ਰਾਜਧਾਨੀ ਤੇ ਫੌਜ ਨੂੰ ਵਾਪਸ ਬੁਲਾਉਣ ਦੇ ਪ੍ਰਸ਼ਾਸਨ ਦੇ ਫੈਸਲੇ ਦੀ ਨੁਕਤਾਚੀਨੀ ਕੀਤੀ ਤੇ ਕਿਹਾ ੨੦ ਤੋਂ ੨੭ ਦਸੰਬਰ ਤਕ ਏਥੇ ਲਾਜ਼ਮੀ ਤੌਰ ਤੇ ਫੌਜ ਤਾਇਨਾਤ ਕੀਤੀ ਜਾਏ ਕਿਉਂਕਿ ਉਹਨਾਂ ਦਿਨਾਂ ਵਿਚ ਤਸ਼ੱਦਦ ਭੜਕ ਸਕਦਾ ਹੈ।

ਉਹਨਾਂ ਸਿੱਖਾਂ ਨੂੰ ਆਪਣੀ ਮਰਜ਼ੀ ਅਨੁਸਾਰ ਵੋਟ ਦਾ ਹਕ ਵਰਤਣ ਦਾ ਸਦਾ ਦਿਤਾ ਤੇ ਕਿਹਾ ਕਿ ਉਹ ਗੁੰਮਰਾਹਕੁਨ ਅਗੇ ਨਾ ਝੁਕਣ।

## ਵੈਦ ਤੇ ਵਿਰਕ ਨੂੰ ਮਹਾਨ ਅਵਾਰਡ

ਜਲੰਧਰ, ੨ ਦਸੰਬਰ—ਸਾਹਿਤ ਮੰਚ ਜਲੰਧਰ ਵਲੋਂ ਆਯੋਜਤ ਕੀਤੇ ਗਏ ਇਕ ਵਿਸ਼ੇਸ਼ ਸਮਾਰੋਹ ਵਿਚ ਹਿੰਦੀ ਦੇ ਨਾਵਲ ਨਿਗਾਰ ਤੇ ਕਹਾਣੀਕਾਰ ਸ੍ਰੀ ਜਗਦੀਸ਼ਚੰਦਰ ਵੈਦ ਨੂੰ ਉਹਨਾਂ ਦੇ ਨਾਵਲ "ਧਨ ਔਰ ਧਰਤੀ" ਲਈ "ਇੰਦਰਨਾਥ ਮਦਾਨ" ਐਵਾਰਡ ਪ੍ਰਦਾਨ ਕੀਤਾ ਗਿਆ।

ਨਾਗੇਸ਼ਵਰੀ ਕਲਾ ਸੰਗਮ ਵਿਚ ਹੋਏ ਇਕ ਸਮਾਰੋਹ ਵਿਚ ਪੰਜਾਬੀ ਦੇ ਉੱਘੇ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨੂੰ ਵੀ ਸਾਹਿਤ ਨੂੰ ਉਹਨਾਂ ਦੀ ਸ਼ਾਨਦਾਰ ਦੇਣ ਲਈ ਸਨ-ਮਾਨਤ ਕੀਤਾ ਗਿਆ।

ਵੈਦ ਤੇ ਵਿਰਕ ਨੂੰ ਇਨਕਮ ਟੈਕਸ ਕਮਿਸ਼ਨਰ ਸ੍ਰੀ ਵੀ. ਪੀ. ਭਗਤ ਨੇ ੧੧-੧੧ ਸੌ ਰੁਪਏ, ਇਕ ਇਕ ਸ਼ਾਲ ਤੇ ਪਲੰਗ ਭੇਂਟ ਕੀਤੇ।

ਸਮਾਰੋਹ ਵਿਚ ਉਰਦੂ ਤੇ ਹਿੰਦੀ ਸਾਹਿਤ ਵਿਚ ਸੈਕੂਲਰ ਰਵਾਇਤਾਂ ਬਾਰੇ ਸੈਮੀਨਾਰ ਹੋਏ।

## ਪ੍ਰੋ: ਜੁਗਿੰਦਰ ਬਾਵਰਾ ਡਾਕਟਰ ਬਣੇ

ਪੰਜਾਬ ਦੇ ਪ੍ਰਸਿਧ ਸੰਗੀਤਕਾਰ ਪ੍ਰੋ: ਜੋਗਿੰਦਰ ਸਿੰਘ ਬਾਵਰਾ ਪਹਿਲੇ ਸੰਗੀਤ ਪ੍ਰਾਧਿਆਪਕ ਹਨ ਜਿਨ੍ਹਾਂ ਨੇ ਦਿਲੀ ਵਿਸ਼ਵ ਵਿਦਿਆਲਾ ਤੋਂ ਪੀ ਐਚ. ਡੀ ਦੀ ਉਪਾਧੀ ਪ੍ਰਾਪਤ ਕੀਤੀ ਹੈ। ਇਹਨਾਂ ਨੇ "੧੫ ਵੀਂ ਸ਼ਤਾਬਦੀ ਤੋਂ ਆਧੁਨਿਕ ਸਮੇਂ ਤਕ ਪੰਜਾਬ ਵਿਚ ਸ਼ਾਸਤ੍ਰੀਯ ਸੰਗੀਤ ਦਾ ਪ੍ਰਾਦੁਰਭਾਵ ਅਤੇ ਵਿਕਾਸ" ਸਿਰਲੇਖ ਹੇਠ ਸ਼ੋਧ ਪ੍ਰਬੰਧ ਲਿਖਿਆ ਸੀ। ਇਸ ਮੰਤਵ ਵਾਸਤੇ ਯੂਨੀਵਰਸਟੀ ਗਰਾਂਟਸ ਕਮਿਸ਼ਨ ਵਲੋਂ ਆਪ ਨੂੰ ਸਕਾਲਰਸ਼ਿਪ ਪ੍ਰਦਾਨ ਕੀਤਾ ਗਿਆ ਸੀ। ਡਾ: ਬਾਵਰਾ ਇਸ ਵੇਲੇ ਗੌ: ਕਾਲਿਜ ਆਫ ਐਜੂਕੇਸ਼ਨ ਜਲੰਧਰ ਵਿਚ ਸੰਗੀਤ ਵਿਭਾਗ ਦੇ ਮੁਖੀ ਹਨ।



Sri Satguru Jagjit Singh Ji eLibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 3805

## MODERN GUN WORKS

Opp. Industrial Estate,

JAMMU CANTT.

With best compliments from :-

## *NAMDHARI BROTHERS*

Prop. S AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE P. S. G. ELECTRIC MOTORS, ELECTRICAL APPLIANCES, STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji eLibrary NamdhariElibrary@gmail.com

Registered No. NW/JL—253 MONTHLY WARIAM January 1985
Registered with the registrar of News Papers for India No. 26453/75

# Poonam Biscuits Private Ltd.

**Manufacturers**

**of**

**Quality Biscuits**

Office & Factory :

**E-23 M. I. D. C. Area**

**Chikalthana, Aurangabad-431210**

( Maharashtra )

Phone : 8626

Our Associates :

**Harbhajan Sarbjeet & Associates**

ENGINEERS & CONTRACTORS

**H.O. : 72 Hazratganj Lucknow-226001**

**Phone : 52746**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

Sri Satguru Jagjit Singh Ji eLibrary NamdhariElibrary@gmail.com